# ਅੰਮ੍ਰਿਤ ਕੀਰਤਨ

ਈ–ਮੈਗਜ਼ੀਨ | e-Magazine



ਸੰਪਾਦਕ
ਡਾ.ਜਾਗੀਰ ਸਿੰਘ

ਸਤੰਬਰ ੨੦੨੬



# ਥ

ਥਰ ਥਰ ਕੰਬਸੀ ਜਾਨ ਉਦੋਂ,
ਜਦ ਰੱਬ ਦੇ ਦਰ ਤੇ ਜਾਵੇਂ ਹੂ।
ਕੱਢ ਹਿਸਾਬ ਪੁੱਛੇ ਜਦ ਲੇਖਾ,
ਆਪਣਾ ਕੀਤਾ ਪਾਵੇਂ ਹੂ।
ਕਰ ਬੰਦਗੀ ਤੇ ਵਿਹਾਰ ਵੀ ਸੁੱਚਾ,
ਭਲਾ ਜੇ ਆਪਣਾ ਚਾਹਵੇਂ ਹੂ।
ਸੰਤੋਖ ਚੇਤਨ ਰਹਿਕੇ ਸਮਾਂ ਗੁਜ਼ਾਰੇਂ,
ਤਦ ਲੇਖਾ ਹੋਸੀ ਸਾਂਵੇਂ ਹੂੰ।

**ਪੁਸਤਕ – ਗੁੱਝੀਆਂ ਰਮਜ਼ਾਂ: ਕਵੀ ਸੁਰਗਵਾਸੀ ਸੰਤ ਸੰਤੋਖ ਸਿੰਘ**

# ਅੰਮ੍ਰਿਤ ਕੀਰਤਨ

**ਸੰਪਾਦਕ**
**ਡਾ. ਜਾਗੀਰ ਸਿੰਘ**
ਐਮ.ਏ. (ਸੰਗੀਤ, ਪੰਜਾਬੀ, ਧਾਰਮਿਕ ਅਧਿਐਨ), ਪੀਐਚ.ਡੀ

**ਸਹਿ-ਸੰਪਾਦਕ**
**ਸ. ਅਰਸ਼ਦੀਪ ਸਿੰਘ**

ਸਹਿਯੋਗੀ
ਸ. ਹਰਭਜਨ ਸਿੰਘ ਅਤੇ ਸ. ਨਵਤੇਜ ਸਿੰਘ


**AMRIT KIRTAN TRUST**

**SCAN & PAY**

**UPI ID: drjagirsingh@sbi**


**ਅੰਮ੍ਰਿਤ ਕੀਰਤਨ ਲਈ ਡਰਾਫਟ, ਮਾਇਕ ਸਹਾਇਤਾ ਚਿੱਠੀ ਪੱਤਰ ਅਤੇ ਰਚਨਾਵਾਂ ਭੇਜਣ ਲਈ ਪਤਾ:**
ਅੰਮ੍ਰਿਤ ਕੀਰਤਨ ਟ੍ਰਸਟ (ਰਜਿ.)
422, ਸੈਕਟਰ 15-ਏ, ਚੰਡੀਗੜ੍ਹ 160 015
ਫੋਨ : 0172-2772660, 98556 40630
e-mail: drjagirsingh@gmail.com
Website : http://www.amritkirtan.com



* ਲੇਖਾਂ ਵਿੱਚ ਪ੍ਰਗਟਾਏ ਵਿਚਾਰ ਲੇਖਕਾਂ ਦੇ ਨਿੱਜੀ ਹਨ। ਇਨ੍ਹਾਂ ਨਾਲ ਸੰਪਾਦਕ ਜਾਂ ਅੰਮ੍ਰਿਤ ਕੀਰਤਨ ਟ੍ਰਸਟ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।
* 'ਅੰਮ੍ਰਿਤ ਕੀਰਤਨ' ਡਾਇਰੈਕਟਰ ਸਿੱਖਿਆ ਵਿਭਾਗ ਪੰਜਾਬ, ਚੰਡੀਗੜ੍ਹ ਦੇ ਪੱਤਰ ਨੰ: ੪/੮/੯੦ ਮਿਤੀ ੨੦/੨/੯੧ ਅਨੁਸਾਰ ਰਾਜ ਦੇ ਸੀਨੀਅਰ ਸੈਕੰਡਰੀ ਸਕੂਲਾਂ ਦੀਆਂ ਲਾਇਬ੍ਰੇਰੀਆਂ ਲਈ ਪ੍ਰਵਾਨਿਤ ਹੈ।



ਡਾ. ਜਾਗੀਰ ਸਿੰਘ, ਪ੍ਰਧਾਨ 'ਅੰਮ੍ਰਿਤ ਕੀਰਤਨ ਟ੍ਰਸਟ' ਨੇ
**ਮੈਜੇਸਟਿਕ ਪ੍ਰਿੰਟਿੰਗ ਪ੍ਰੈਸ**
ਬੇ-ਸ਼ਾਪ ਨੰ: 7, ਫੇਜ਼ 7, ਮੁਹਾਲੀ
ਤੋਂ ਛਪਵਾ ਕੇ 422, ਸੈਕਟਰ 15-ਏ, ਚੰਡੀਗੜ੍ਹ
ਤੋਂ ਪ੍ਰਕਾਸ਼ਿਤ ਕੀਤਾ।


# ਇਸ ਅੰਕ ਵਿਚ


**ਕਰਉ ਬੇਨੰਤੀਆ**
ਇਸ ਮਨ ਕਉ ਕੋਈ ਖੋਜਹੁ ਭਾਈ 2

**ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਬਾਣੀ ਦਾ ਰਾਗਾਤਮਕ ਪ੍ਰਬੰਧ** 4
ਸ. ਰਜਤਦੀਪ ਸਿੰਘ

**ਰਾਗ ਬੱਧ ਕੀਰਤਨ ਦਰਬਾਰਾਂ ਦਾ ਸਿਰਜਕ - ਪਿੰਡ ਢਿੱਲਵਾਂ (ਜਲੰਧਰ)** 9
ਸ. ਤੀਰਥ ਸਿੰਘ ਢਿੱਲੋਂ

**ਪ੍ਰੇਰਨਾ ਪੱਤਰ** 11
ਡਾ. ਜਾਗੀਰ ਸਿੰਘ

**ਡਾ. ਗੁਰਨਾਮ ਸਿੰਘ ਜੀ ਸ਼੍ਰੋਮਣੀ ਕੀਰਤਨੀਆ ਐਵਾਰਡ ਨਾਲ ਸਨਮਾਨਿਤ** 13
ਡਾ. ਗੁਰਦੇਵ ਸਿੰਘ

**ਕੀਰਤਨੀਆਂ ਦੀ ਨਵੀਂ ਪੀੜ੍ਹੀ (ਭਾਗ-੧)** 15
Laxmi Kaur

**ਰਾਗ ਮਾਝ** 17
ਪ੍ਰੋ. ਗੁਰਮੀਤ ਸਿੰਘ 'ਮਾਰਖਮ'

**ਰਾਗ ਆਸਾ** 19
ਬੀਬੀ ਹਰਦੀਪ ਕੌਰ


**ਮੈਗਜੀਨ ਦਾ ਸਾਲਾਨਾ ਚੰਦਾ 600/-ਰੁਪਏ**
**ਮੈਗਜੀਨ ਦਾ ਚੰਦਾ ਆਪ ਜੀ ਆਨਲਾਈਨ ਹੇਠ ਲਿਖੇ ਅਨੁਸਾਰ ਭੇਜ ਸਕਦੇ ਹੋ:**

**DONATIONS TO AMRIT KIRTAN TRUST**

Cheques/Drafts should be sent in the name of AMRIT KIRTAN TRUST payable at Mohali. Donations can also be sent by money order at the address AMRIT KIRTAN TRUST (Regd.) 422, Sector 15-A,Chandigarh-160015. The Donations can be made by Electronic Transfer.

Bank details :

**AMRIT KIRTAN TRUST**

Saving Bank A/c No. 65079603302, IFSC: SBIN0018141 in the State Bank of India, Phase 3B2, Mohali Punjab Branch. After such a Deposit, please inform us your Aadhar No., Pan No. Name & Address and also the deposit details to enable us to send you the receipt.

# ਕਰਉ ਬੇਨੰਤੀਆ

## ਇਸ ਮਨ ਕਉ ਕੋਈ ਖੋਜਹੁ ਭਾਈ

ਅੱਜ ਇੱਕ ਪੁਰਾਤਨ ਕੀਰਤਨੀਏ ਵੱਲੋਂ ਗਾਇਨ ਕੀਤਾ ਭਗਤ ਕਬੀਰ ਜੀ ਦਾ ਸ਼ਬਦ ਸੁਣ ਰਿਹਾ ਸੀ-ਇਸ ਮਨ ਕਉ ਕੋਈ ਖੋਜਹੁ ਭਾਈ-ਗਾਇਨ ਪ੍ਰਭਾਵਸ਼ਾਲੀ ਸੀ। ਇਹ ਸ਼ਬਦ ਸੁਣਦਿਆਂ ਮੈਨੂੰ ਗੁਰੂ ਨਾਨਕ ਦੇਵ ਜੀ ਦਾ ਸ਼ਬਦ ਯਾਦ ਆ ਗਿਆ "ਇਹੁ ਮਨੁ ਪੰਚ ਤਤੁ ਤੇ ਜਨਮਾ॥ " ਦੋਹਾਂ ਸ਼ਬਦਾਂ ਦਾ ਅਧਿਐਨ ਕਰਨ ਦਾ ਮਨ ਕੀਤਾ।

ਮੇਰੇ ਕੋਲ ਗੁਰਬਾਣੀ ਦੇ ਵੱਖ ਵੱਖ ਟੀਕੇ ਮੌਜੂਦ ਹਨ ਪਰ ਪਤਾ ਨਹੀਂ ਕਿਉਂ ਹੁਣ ਗੁਰਬਾਣੀ ਦੇ ਇਹ ਟੀਕੇ ਪੜ੍ਹਨ ਜਾਂ ਇਹਨਾਂ ਟੀਕਿਆਂ ਵਿੱਚ ਦਿੱਤੇ ਅਰਥ ਪੜ੍ਹਨ ਦਾ ਮਨ ਨਹੀਂ ਕਰਦਾ। ਇਹ ਮੈਂ ਆਪਣੀ ਅਵਸਥਾ ਦੱਸ ਰਿਹਾ ਹਾਂ ਇਸ ਨੂੰ ਤੁਸੀਂ ਮੇਰੇ ਵੱਲੋਂ ਕੋਈ ਸੁਝਾਅ ਨਾ ਮੰਨ ਲੈਣਾ। ਹੁਣ ਮੈਨੂੰ ਜਾਪਦਾ ਹੈ ਗੁਰਬਾਣੀ ਦਾ ਸਹਿਜ ਪਾਠ ਕਰਦਿਆਂ ਮਨ ਦੀ ਅਵਸਥਾ ਜਾਂ ਲੋੜ ਅਨੁਸਾਰ ਜਿਸ ਤਰ੍ਹਾਂ ਦੀ ਅਗਵਾਈ ਚਾਹੀਦੀ ਹੋਵੇਗੀ ਉਹ ਵਿਚਾਰ ਆਪੇ ਸਮਝ ਆ ਜਾਵੇਗਾ। ਜਿਵੇਂ ਇੱਕ ਵੱਡਾ ਜਨਰਲ ਸਟੋਰ ਹੁੰਦਾ ਹੈ ਉੱਥੇ ਹਰ ਤਰ੍ਹਾਂ ਦਾ ਸਾਮਾਨ ਪਿਆ ਹੁੰਦਾ ਹੈ ਤੇ ਜਿਸ ਵਸਤੂ ਦੀ ਸਾਨੂੰ ਲੋੜ ਹੁੰਦੀ ਹੈ ਉਹ ਅਸੀਂ ਖਰੀਦ ਲੈਂਦੇ ਹਾਂ ਭਾਵੇਂ ਉਥੇ ਪਈਆ ਬਹੁਤੀਆਂ ਵਸਤਾਂ ਭਵਿੱਖ ਵਿੱਚ ਵੀ ਸਾਡੇ ਕੰਮ ਆ ਸਕਦੀਆਂ ਹਨ ਫਿਰ ਵੀ ਅਸੀਂ ਆਪਣੀ ਤਤਕਾਲੀ ਲੋੜ ਅਨੁਸਾਰ ਹੀ ਵਸਤਾਂ ਲੈਂਦੇ ਹਾਂ। ਇੰਜ ਹੀ ਸਾਡਾ ਮਨ ਵੀ ਜਿਹੜੇ ਵਿਚਾਰ ਦੀ ਲੋੜ ਹੁੰਦੀ ਹੈ ਉਸ ਨੂੰ ਸਮਝ ਲੈਂਦਾ ਹੈ। ਖੈਰ ਹੁਣ ਆਪਾਂ ਕਬੀਰ ਜੀ ਅਤੇ ਗੁਰੂ ਨਾਨਕ ਦੇਵ ਜੀ ਦੇ ਸ਼ਬਦਾਂ ਦਾ ਸਹਿਜ ਪਾਠ ਕਰਦੇ ਹਾਂ:

**ਰਾਗ ਗਉੜੀ ਗੁਆਰੇਰੀ ਅਸਟਪਦੀ ਕਬੀਰ ਜੀ ਕੀ**

ਸੁਖੁ ਮਾਂਗਤ ਦੁਖੁ ਆਗੈ ਆਵੈ॥
ਸੋ ਸੁਖੁ ਹਮਹੁ ਨ ਮਾਂਗਿਆ ਭਾਵੈ॥੧॥
ਬਿਖਿਆ ਅਜਹੁ ਸੁਰਤਿ ਸੁਖ ਆਸਾ॥
ਕੈਸੇ ਹੋਈ ਹੈ ਰਾਜਾ ਰਾਮ ਨਿਵਾਸਾ॥ ੧॥ ਰਹਾਉ॥
ਇਸ ਸੁਖ ਤੇ ਸਿਵ ਬ੍ਰਹਮ ਡਰਾਨਾ॥
ਸੋ ਸੁਖੁ ਹਮਹੁ ਸਾਚੁ ਕਰਿ ਜਾਨਾ॥ ੨॥
ਸਨਕਾਦਿਕ ਨਾਰਦ ਮੁਨਿ ਸੇਖਾ॥
ਤਿਨ ਭੀ ਤਨ ਮਹਿ ਮਨੁ ਨਹੀ ਪੇਖਾ॥੩॥
ਇਸੁ ਮਨ ਕਉ ਕੋਈ ਖੋਜਹੁ ਭਾਈ॥
ਤਨ ਛੂਟੇ ਮਨੁ ਕਹਾ ਸਮਾਈ॥੪॥
ਗੁਰ ਪਰਸਾਦੀ ਜੈਦੇਉ ਨਾਮਾ॥
ਭਗਤਿ ਕੈ ਪ੍ਰੇਮਿ ਇਨ ਹੀ ਹੈ ਜਾਨਾਂ॥੫॥
ਇਸੁ ਮਨ ਕਉ ਨਹੀ ਆਵਨ ਜਾਨਾ॥
ਜਿਸ ਕਾ ਭਰਮੁ ਗਇਆ ਤਿਨਿ ਸਾਚੁ ਪਛਾਨਾ॥੬॥
ਇਸ ਮਨ ਕਉ ਰੂਪੁ ਨ ਰੇਖਿਆ ਕਾਈ॥
ਹੁਕਮੇ ਹੋਇਆ ਹੁਕਮੁ ਬੂਝਿ ਸਮਾਈ॥੭॥
ਇਸ ਮਨ ਕਾ ਕੋਈ ਜਾਨੈ ਭੇਉ॥
ਇਹ ਮਨਿ ਲੀਣ ਭਏ ਸੁਖਦੇਉ॥੮॥
ਜੀਉ ਏਕੁ ਅਰੁ ਸਗਲ ਸਰੀਰਾ॥
ਇਸੁ ਮਨ ਕਉ ਰਵਿ ਰਹੇ ਕਬੀਰਾ॥੯॥ (ਅੰਗ ੩੩੦)

**ਆਸਾ ਮਹਲਾ ੧**

ਮਨੁ ਮੈਗਲੁ ਸਾਕਤੁ ਦੇਵਾਨਾ॥
ਬਨ ਖੰਡਿ ਮਾਇਆ ਮੋਹਿ ਹੈਰਾਨਾ॥
ਇਤ ਉਤ ਜਾਹਿ ਕਾਲ ਕੇ ਚਾਪੇ॥
ਗੁਰਮੁਖਿ ਖੋਜਿ ਲਹੈ ਘਰੁ ਆਪੇ॥੧॥

ਬਿਨ ਗੁਰ ਸਬਦੈ ਮਨੁ ਨਹੀ ਠਉਰਾ॥
ਸਿਮਰਹੁ ਰਾਮ ਨਾਮੁ ਅਤਿ ਨਿਰਮਲੁ ਅਵਰ ਤਿਆਗਹੁ ਹਉਮੈ ਕਉਰਾ॥੧॥ ਰਹਾਉ॥
ਇਹ ਮਨੁ ਮੁਗਧੁ ਕਹਹੁ ਕਿਉ ਰਹਸੀ॥
ਬਿਨ ਸਮਝੇ ਜਮ ਕਾ ਦੁਖੁ ਸਹਸੀ॥
ਆਪੇ ਬਖਸੇ ਸਤਿਗੁਰੁ ਮੇਲੈ॥
ਕਾਲੁ ਕੰਟਕੁ ਮਾਰੇ ਸਚੁ ਪੇਲੈ॥੨॥
ਇਹੁ ਮਨੁ ਕਰਮਾ ਇਹੁ ਮਨੁ ਧਰਮਾ॥
ਇਹੁ ਮਨੁ ਪੰਚ ਤਤੁ ਤੇ ਜਨਮਾ॥
ਸਾਕਤੁ ਲੋਭੀ ਇਹੁ ਮਨੁ ਮੂੜਾ॥
ਗੁਰਮੁਖਿ ਨਾਮੁ ਜਪੈ ਮਨੁ ਰੂੜਾ॥੩॥
ਗੁਰਮੁਖਿ ਮਨ ਅਸਥਾਨੇ ਸੋਈ॥
ਗੁਰਮੁਖਿ ਤ੍ਰਿਭਵਣਿ ਸੋਝੀ ਹੋਈ॥
ਇਹੁ ਮਨੁ ਜੋਗੀ ਭੋਗੀ ਤਪੁ ਤਾਪੈ॥
ਗੁਰਮੁਖਿ ਚੀਨੑੈ ਹਰਿ ਪ੍ਰਭੁ ਆਪੈ॥੪॥
ਮਨੁ ਬੈਰਾਗੀ ਹਉਮੈ ਤਿਆਗੀ॥
ਘਟਿ ਘਟਿ ਮਨਸਾ ਦੁਬਿਧਾ ਲਾਗੀ॥
ਰਾਮ ਰਸਾਇਣ ਗੁਰਮੁਖਿ ਚਾਖੈ॥
ਦਰਿ ਘਰਿ ਮਹਲੀ ਹਰਿ ਪਤਿ ਰਾਖੈ॥੫॥
ਇਹੁ ਮਨੁ ਰਾਜਾ ਸੂਰ ਸੰਗ੍ਰਾਮਿ॥
ਇਹੁ ਮਨੁ ਨਿਰਭਉ ਗੁਰਮੁਖਿ ਨਾਮਿ॥
ਮਾਰੇ ਪੰਚ ਅਪੁਨੈ ਵਸਿ ਕੀਏ॥
ਹਉਮੈ ਗ੍ਰਾਸਿ ਇਕਤੁ ਥਾਇ ਕੀਏ॥੬॥
ਗੁਰਮੁਖ ਰਾਗ ਸੁਆਦ ਅਨ ਤਿਆਗੇ॥
ਗੁਰਮੁਖਿ ਇਹੁ ਮਨੁ ਭਗਤੀ ਜਾਗੇ॥
ਅਨਹਦ ਸੁਣਿ ਮਾਨਿਆ ਸਬਦੁ ਵੀਚਾਰੀ॥
ਆਤਮੁ ਚੀਨਿੑ ਭਏ ਨਿਰੰਕਾਰੀ॥੭॥
ਇਹੁ ਮਨੁ ਨਿਰਮਲੁ ਦਰਿ ਘਰਿ ਸੋਈ॥
ਗੁਰਮੁਖਿ ਭਗਤਿ ਭਾਉ ਧੁਨਿ ਹੋਈ॥
ਅਹਿਨਿਸਿ ਹਰਿ ਜਸੁ ਗੁਰ ਪਰਸਾਦਿ॥
ਘਟਿ ਘਟਿ ਸੋ ਪ੍ਰਭੁ ਆਦਿ ਜੁਗਾਦਿ॥੮॥
ਰਾਮ ਰਸਾਇਣ ਇਹੁ ਮਨੁ ਮਾਤਾ॥
ਸਰਬ ਰਸਾਇਣੁ ਗੁਰਮੁਖਿ ਜਾਤਾ॥
ਭਗਤਿ ਹੇਤੁ ਗੁਰ ਚਰਣ ਨਿਵਾਸਾ॥
ਨਾਨਕ ਹਰਿ ਜਨ ਕੇ ਦਾਸਨਿ ਦਾਸਾ॥੯॥ (ਅੰਗ ੪੧੫)

ਭਗਤ ਕਬੀਰ ਜੀ ਅਤੇ ਗੁਰੂ ਨਾਨਕ ਦੇਵ ਜੀ ਸ਼ਬਦਾਂ ਵਿੱਚ ਕੁਝ ਸਮਾਨਤਾਵਾਂ ਹਨ। ਇੱਕ ਤਾਂ ਦੋਵੇਂ ਸ਼ਬਦਾਂ ਦੀਆਂ ਤੁਕਾਂ ਦੀ ਲੰਬਾਈ ਸਮਾਨ ਹੈ। ਕਬੀਰ ਜੀ ਦੇ ਸ਼ਬਦ ਦੇ ੯ ਬੰਦ ਹਨ ਤੇ ਗੁਰੂ ਨਾਨਕ ਦੇਵ ਜੀ ਦੇ ਸ਼ਬਦ ਦੇ ਵੀ ੯ ਬੰਦ ਹਨ। ਪਰ ਕਬੀਰ ਜੀ ਦੇ ਸ਼ਬਦ ਦਾ ਹਰ ਬੰਦ ਦੋ ਤੁਕਾਂ ਦਾ ਹੈ ਅਤੇ ਗੁਰੂ ਨਾਨਕ ਦੇਵ ਜੀ ਦੇ ਸ਼ਬਦ ਦਾ ਹਰ ਬੰਦ ਚਾਰ ਤੁਕਾਂ ਦਾ ਹੈ। ਮਨ ਦਾ ਵਿਸ਼ਾ ਬਹੁਤ ਵਿਸ਼ਾਲ ਹੈ। ਇਸ ਬਾਰੇ ਕਈ ਗ੍ਰੰਥ ਲਿਖੇ ਗਏ ਹਨ। ਮੇਰਾ ਇਸ ਬਾਰੇ ਸੀਮਿਤ ਗਿਆਨ ਹਨ। ਪਰ ਦੋਹਾਂ ਸ਼ਬਦਾਂ ਨੂੰ ਪੜ੍ਹਦਿਆਂ ਮਹਿਸੂਸ ਹੁੰਦਾ ਹੈ ਜਿਵੇਂ ਭਗਤ ਕਬੀਰ ਜੀ ਮਨ ਬਾਰੇ ਕਿਸੇ ਰਹੱਸ ਦਾ ਸੰਕੇਤ ਦਿੰਦੇ ਹਨ। ਉਸ ਨੂੰ ਪੜ੍ਹਦਿਆਂ ਇੱਕ ਜਿਗਿਆਸਾ ਜਿਹੀ ਉਤਪੰਨ ਹੁੰਦੀ ਹੈ। ਗੁਰੂ ਨਾਨਕ ਦੇਵ ਦਾ ਸ਼ਬਦ ਜਿਵੇਂ ਕੁਝ ਰਹੱਸ ਸੁਲਝਾ ਰਿਹਾ ਹੈ। ਇਹਨਾਂ ਸ਼ਬਦਾਂ ਦਾ ਪਾਠ ਦੋ ਤਿੰਨ ਵਾਰ ਪ੍ਰੇਮ ਨਾਲ ਕਰੋ ਤਾਂ ਕੁਝ ਅਜੀਬ ਅਨੁਭਵ ਹੋਵੇਗਾ।

**ਭੁੱਲ ਚੁੱਕ ਖਿਮਾ**
ਜਾਗੀਰ ਸਿੰਘ

# ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਬਾਣੀ ਦਾ ਰਾਗਾਤਮਕ ਪ੍ਰਬੰਧ

ਰਜਤਦੀਪ ਸਿੰਘ

ਭਗਤੀ ਮਾਰਗ ਵਿਚ ਸ਼ਬਦ ਕੀਰਤਨ ਦਾ ਬਹੁਤ ਮਹਾਨ ਸਥਾਨ ਹੈ। ਇਸ ਨੂੰ ਆਤਮਾ ਲਈ ਅੰਮ੍ਰਿਤ ਭੋਜਨ ਮੰਨਿਆ ਜਾਂਦਾ ਹੈ। ਗੁਰੂ ਸਾਹਿਬ ਜੀ ਆਪਣੀ ਬਾਣੀ ਵਿਚ ਰਾਗ ਦੁਆਰਾ ਸ਼ਬਦ ਕੀਰਤਨ ਦੀ ਮਹੱਤਤਾ ਬਾਰੇ ਲਿਖਦੇ ਹਨ, ਕਥਾ ਕੀਰਤਨੁ ਰਾਗ ਨਾਦ ਧੁਨਿ ਇਹੁ ਬਨਿਓ ਸੁਆਉ ॥[1] ਇਹ ਦਾਤ ਸਤਿਗੁਰੂ ਦੀ ਮਿਹਰ ਨਾਲ ਮਿਲਦੀ ਹੈ। ਸਤਿਗੁਰਾਂ ਦੀ ਮਿਹਰ ਸਦਕਾ ਇਸ ਕੋਮਲ ਕਲਾ ਦਾ ਬੀਜ ਪ੍ਰਫੁੱਲਤ ਹੁੰਦਾ ਹੈ। ਜਿਸ ਨਾਲ ਆਪ-ਮੁਹਾਰੇ ਹੀ ਉਸ ਦੀ ਅੰਦਰਲੀ ਮਹਿਕ ਤੇ ਸੁਗੰਧੀ ਵਿੱਚੋਂ ਸੁੰਦਰ ਪੰਛੀਆਂ ਦਾ ਮੋਹਕ ਗੀਤ ਉਤਪੰਨ ਹੋ ਜਾਂਦਾ ਹੈ। ਇਸ ਅਭਿਆਸ ਦੌਰਾਨ ਮਨ ਅੰਦਰ ਖਿੜਾਉ, ਸਹਿਜ, ਸੁਹਜ ਅਤੇ ਆਨੰਦ ਦੀ ਅਵਸਥਾ ਦਾ ਹੁਲਾਰਾ ਉੱਠਦਾ ਹੈ। ਉਸ ਅਵਸਥਾ ਵਿਚ ਮਨੁ ਚੜਿਆ ਦਸਵੈ ਆਕਾਸਿ ਦੇ ਮੰਡਲਾਂ ਵਿਚ ਸਫ਼ਰ ਕਰਦਾ ਹੈ। ਇਸ ਹੀ ਬ੍ਰਿਤਾਂਤ ਨੂੰ ਨੌਵੀਂ ਪਾਤਸ਼ਾਹੀ ਦੇ ਸਮੇਂ ਖੁਲਾਸਾ ਤੁਲ ਤਾਰੀਖ ਦੇ ਲੇਖਕ ਨੇ ਸ਼ਬਦ ਕੀਰਤਨ ਦਾ ਜ਼ਿਕਰ ਕਰਦਿਆਂ ਲਿਖਿਆ ਹੈ:

ਖੁਲਾਸਾ ਇਬਾਦਤ ਈਂ ਤਾਇਫਾ
ਮੁਤਾਲਿਆ ਇਸ਼ਆਰਮੁਰਸ਼ਦੇ ਖੇਸ਼ਅਸਤ,
ਕਿ ਬਸਰੋਦ ਵ ਨਗ਼ਮਾ ਮੇਂ ਗੋਇੰਦ।
ਵ ਜ਼ਮਜ਼ਮਾਏ ਦਿਲ ਫਰੇਬ ਮੇਂ ਸੁਰਾਇੰਦ।[2]

ਇਸ ਦਾ ਭਾਵ ਹੈ ਕਿ ਆਪਣੇ ਗੁਰੂ ਦੇ ਬਚਨਾਂ ਦਾ ਪਾਠ ਕਰਨਾ ਹੀ ਇਬਾਦਤ ਹੈ। ਸਿੱਖ ਇਸ ਨੂੰ ਦਿਲ ਨੂੰ ਮੋਹ ਲੈਣ ਵਾਲੇ ਰਾਗਾਂ ਵਿਚ ਗਾਉਂਦੇ ਹਨ। ਰਾਗ ਮਨੁੱਖੀ ਜੀਵਨ ਦਾ ਇੱਕ ਅਟੁੱਟ ਅੰਗ ਹੈ। ਜਦੋਂ ਮਨੁੱਖ ਸ਼ਬਦ-ਧੁਨ ਨਾਲ ਜੁੜਦਾ ਹੈ, ਤਾਂ ਉਸ ਦੇ ਮਨੁੱਖੀ ਜੀਵਨ ਦਾ ਮਨੋਰਥ ਪੂਰਾ ਹੁੰਦਾ ਹੈ। ਉਸ ਅੰਦਰ ਆਤਮਿਕ ਆਨੰਦ ਪ੍ਰਗਟ ਹੁੰਦਾ ਹੈ ਅਤੇ ਸੁਰਤ ਤਿੰਨਾਂ ਗੁਣਾਂ ਤੋਂ ਉੱਚੀ ਉੱਠ ਕੇ ਨਿਰੰਕਾਰ ਵਿਚ ਲੀਨ ਹੋ ਜਾਂਦੀ ਹੈ। ਸਿੱਖ ਇਤਿਹਾਸ ਦੇ ਸਰੋਤ ਜਨਮਸਾਖੀਆਂ ਦੇ ਹਵਾਲਿਆਂ ਅਤੇ ਖੋਜੀਆਂ ਦੀਆਂ ਟਿਪਣੀਆਂ ਤੋਂ ਪਤਾ ਲਗਦਾ ਹੈ ਕਿ ਰਾਗ ਅਤੇ ਸ਼ਬਦ ਇਕੱਠੇ ਉਚਾਰੇ ਗਏ। 'ਪੁਰਤਾਨ ਜਨਮਸਾਖੀ' ਵਿਚ ਅਨੇਕ ਹਵਾਲੇ ਮਿਲਦੇ ਹਨ ਜਿੱਥੇ ਗੁਰੂ ਨਾਨਕ ਦੇਵ ਜੀ ਭਾਈ ਮਰਦਾਨਾ ਜੀ ਨੂੰ ਕਹਿੰਦੇ ਹਨ, ਮਰਦਾਨਿਆ 'ਰਬਾਬ ਵਜਾ ਬਾਣੀ ਆਈ' ਤਬ ਮਰਦਾਨੇ ਰਾਗ ਕੀਤਾ।[3] ਗੁਰਮਤਿ ਸੰਗੀਤ ਪੱਧਤੀ ਦੀ ਅਰੰਭਤਾ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਆਪਣੀ ਬਾਣੀ ਨੂੰ ਰਾਗ ਬੱਧ ਕਰਦਿਆ ਕੀਤੀ। ਗੁਰੂ ਮਹਾਰਾਜ ਜੀ ਦੀ ਬਾਣੀ ਦਾ ਹਰ ਅੱਖਰ ਧੁਨਾਤਮਿਕ ਭਾਵ ਰਾਗਾਤਮਕ ਹੈ। ਗੁਰਬਾਣੀ ਦੇ ਹਰ ਸ਼ਬਦ ਨੂੰ ਰਾਗ ਦਾ ਹੀ ਤਿਲਕ ਲਗਾਇਆ ਹੈ, ਪਹਿਲਾਂ ਰਾਗ ਫਿਰ ਮਹਲਾ ਤੇ ਫਿਰ ਬਾਣੀ। ਇਸ ਪੱਧਤੀ ਵਿਚ ਗੁਰੂ ਸਾਹਿਬ ਜੀ ਨੇ ਭਾਰਤੀ ਸੰਗੀਤ ਦੇ ਉਹਨਾਂ ਰਾਗਾਂ ਨੂੰ ਚੁਣਿਆ ਜਿਨ੍ਹਾਂ ਦੀ ਤਾਸੀਰ ਚਿਤ ਨੂੰ ਇਕਾਗਰ ਕਰਦੀ ਹੈ ਨਾ ਕਿ ਭੜਕਣਾ। ਗੁਰੂ ਗ੍ਰੰਥ ਸਾਹਿਬ ਜੀ ਵਿਚ ਤਰਤੀਬਵਾਰ ਰਾਗਾਂ ਦੀ ਸ਼ਬਦ ਰਾਹੀਂ ਸਵਾਰੀ ਅਜਿਹੇ ਕਾਵਿ-ਰੂਪ ਵਿਚ ਬਖਸ਼ਿਸ਼ ਕੀਤੀ ਹੋਈ ਮਿਲਦੀ ਹੈ, ਜਿਸ ਦਾ ਅਨੰਦ ਮਾਣ ਕੇ ਉਸ ਪਰਮਸਤਿ ਦਾ ਗਿਆਨ ਸਹਿਜ ਰੂਪ ਵਿਚ ਹੋ ਜਾਂਦਾ ਹੈ। ਗੁਰਮਤਿ ਸੰਗੀਤ ਦਾ ਰਾਗ ਵਿਧਾਨ ਭਾਰਤੀ ਸੰਗੀਤ ਦਾ ਹੀ ਅੰਗ ਹੈ, ਪਰ ਗੁਰੂ ਸਾਹਿਬ ਜੀ ਨੇ ਗੁਰਮਤਿ ਸੰਗੀਤ ਵਿਚ ਸ਼ਾਸਤਰੀ ਸੰਗੀਤ ਦੇ ਨਿਯਮਾਂ ਦੇ ਉਲਟ ਰਾਗ ਦੀ ਪ੍ਰਧਾਨਤਾ ਨਾਲੋਂ ਸ਼ਬਦ ਦੀ ਪ੍ਰਧਾਨਤਾ ਨੂੰ ਮੁੱਖ ਰੱਖਿਆ ਹੈ। ਰਾਗ-ਨਾਦ ਦੀ ਮਹੱਤਤਾ ਉਦੋਂ ਹੀ ਹੈ, ਜਦੋਂ ਸ਼ਬਦ ਨਾਲ ਸੁਰਤ ਅਡੋਲ ਹੋ ਜਾਵੇ, 'ਰਾਗ ਨਾਦ ਸਬਦਿ ਸੋਹਣੇ ਜਾ ਲਾਗੈ ਸਹਜਿ ਧਿਆਨੁ॥'[4] ਗੁਰੂ ਸਾਹਿਬ ਜੀ ਨੇ ਸਮਾਜ ਵਿਚ ਫੈਲੀਆਂ ਕੁਰੀਤੀਆਂ ਤੋਂ ਬਚਾਉਣ ਲਈ ਅਤੇ ਕਲਯੁਗੀ ਜੀਵਾਂ ਨੂੰ ਅਧਿਆਤਮਿਕ ਰੰਗ ਵਿਚ ਰੰਗਣ ਲਈ ਬਾਣੀ ਨੂੰ ਸੰਗੀਤ ਨਾਲ ਜੋੜਿਆ। ਸੰਗੀਤ ਅਤੇ ਸਾਹਿਤ ਦਾ ਆਪਸ ਵਿਚ ਗੂੜਾ ਸੰਬੰਧ ਹੈ। ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਨੇ ਰਾਗ-ਬੰਦਿਸ਼ ਸਹਿਤ ਅਤੇ ਰਾਗ-ਬੰਦਿਸ਼ ਰਹਿਤ ਦੋਵੇਂ ਰਚਨਾਵਾਂ ਨੂੰ ਲਿਖਤੀ ਰੂਪ ਦਿੱਤਾ ਹੈ। ਗੁਰੂ ਸਾਹਿਬ ਜੀ ਨੇ ਬਾਣੀ ਵਿਚ ਕਾਵਿ-ਰੂਪ ਅਤੇ ਕਾਵਿ-ਛੰਦ ਦੀ ਵੰਨ-ਸੁੰਵਨਤਾ ਨੂੰ ਅਲਪ ਮਾਤਰਾ ਵਿਚ ਰੱਖਿਆ ਹੈ। ਜੋ ਉਨ੍ਹਾਂ ਦੀ ਇਕਾਗਰ ਅਤੇ ਸਹਿਜ ਬਿਰਤੀ ਨੂੰ ਦਰਸਾਉਂਦਾ ਹੈ। ਰਾਗ-ਬੰਦਿਸ਼ ਰਹਿਤ ਬਾਣੀ ਵਿਚ ਗੁਰੂ ਜੀ ਦੇ ੫੭ ਸਲੋਕ ਹਨ ਅਤੇ ਰਾਗ-ਬੰਦਿਸ਼ ਸਹਿਤ ਬਾਣੀ ਵਿਚ ੫੯ ਸ਼ਬਦ ਹਨ। ਜਿਨ੍ਹਾਂ ਵਿਚ ਸੰਸਾਰ ਦੀ ਨਾਸ਼ਮਾਨਤਾ ਨੂੰ ਗੰਭੀਰਤਾ ਨਾਲ ਬਿਆਨ ਕਰਦਿਆ ਮਨੁੱਖੀ ਜਾਮੇ ਵਿਚ ਹੀ ਪਰਮਾਤਮਾ ਨਾਲ ਅਭੇਦ ਹੋਣ ਲਈ ਵੱਖ-ਵੱਖ ਉਦਾਹਰਨਾਂ ਰਾਹੀਂ ਉਪਦੇਸ਼ ਕਰਦੇ ਹਨ। ਭਾਵੇਂ ਗੁਰੂ

ਸਾਹਿਬ ਜੀ ਦੀ ਬਾਣੀ ਦੀ ਪ੍ਰਧਾਨ ਸੁਰ ਸੰਸਾਰ ਦੀ ਨਾਸ਼ਮਾਨਤਾ ਤੇ ਤਿਆਗ ਹੈ, ਪਰ ਇਸ ਵਿਚ ਨਿਰਾਸ਼ਾ ਨਹੀਂ ਸਗੋਂ ਮਨੁੱਖ ਨੂੰ ਉੱਚੇ ਆਤਮਿਕ ਤੇ ਵਿਹਾਰਕ ਜੀਵਨ ਲਈ ਉਸਾਰੂ ਸੇਧ ਬਖਸ਼ੀ ਹੈ।

**ਬਾਣੀ ਗੁਰੂ ਤੇਗ ਬਹਾਦਰ ਜੀ**

ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਬਾਣੀ ਰਚਣ ਤੋਂ ਪਹਿਲਾਂ ਭਾਰਤੀ ਅਧਿਆਤਮਿਕ ਸਾਹਿਤ ਵਿਚ ਵੇਦ, ਸ਼ਾਸਤਰ, ਉਪਨਿਸ਼ਦ, ਗੀਤਾ ਆਦਿ ਕਈ ਮਤ ਪ੍ਰਚਲਤ ਸਨ ਪਰ ਗੁਰੂ ਸਾਹਿਬ ਜੀ ਨੇ ਬਾਣੀ ਦਾ ਆਧਾਰ ਗੁਰਮਤਿ ਸਾਹਿਤ ਤੇ ਆਦਿ ਗ੍ਰੰਥ ਨੂੰ ਬਣਾਇਆ। ਗੁਰੂ ਗ੍ਰੰਥ ਸਾਹਿਬ ਜੀ ਵਿਚ ਦਰਜ ਬਾਣੀ ਕਿਸੇ ਸਿਧਾਂਤ ਜਾਂ ਸਨਾਤਨੀ ਗ੍ਰੰਥ ਦਾ ਕਿਤਾਬੀ ਗਿਆਨ ਨਹੀਂ ਹੈ। ਇਹ ਪ੍ਰਮੇਸ਼ਰ ਦੀ ਆਪਣੀ 'ਧੁਰ ਕੀ ਬਾਣੀ' ਹੈ। ਬਚਪਨ ਵਿਚ ਗੁਰੂ ਹਰਿਗੋਬਿੰਦ ਸਾਹਿਬ ਜੀ, ਬਾਬਾ ਬੁੱਢਾ ਜੀ, ਅਤੇ ਭਾਈ ਗੁਰਦਾਸ ਜੀ ਵਰਗੀਆਂ ਮਹਾਨ ਸ਼ਖ਼ਸੀਅਤਾਂ ਦੀ ਸੰਗਤ ਕਰਕੇ ਆਪ ਜੀ ਨੂੰ ਗੁਰਮਤਿ ਦੀ ਡੂੰਘੀ ਸਮਝ ਪ੍ਰਾਪਤ ਹੋ ਗਈ ਸੀ। ਗੁਰਮਤਿ ਅਤੇ ਗੁਰਬਾਣੀ ਨਾਲ ਗੁਰੂ ਤੇਗ ਬਹਾਦਰ ਸਾਹਿਬ ਜੀ ਨੂੰ ਪ੍ਰਭੂ-ਪ੍ਰਾਪਤੀ ਦੇ ਮਾਰਗ ਦਾ ਦਰਸ਼ਨ ਹੋਇਆ। ਜਿਸ ਦੀ ਮਹਿਮਾ ਗੁਰੂ ਸਾਹਿਬ ਜੀ ਦੀ ਬਾਣੀ ਵਿਚ ਕਈ ਥਾਈਂ ਸੁਣਾਈ ਦਿੰਦੀ ਹੈ। ਦਸਮ ਪਾਤਸ਼ਾਹ ਜੀ ਨੇ ਸ੍ਰੀ ਦਮਦਮਾ ਸਾਹਿਬ ਵਿਖੇ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਬਾਣੀ ਸ਼ਾਮਲ ਕਰਕੇ ਬੀੜ ਸੰਪੂਰਨ ਕੀਤੀ। ੧੮ਵੀਂ ਸਦੀ ਦੇ ਆਰੰਭ ਵਿਚ ਨਾਂਦੇੜ ਵਿਖੇ 'ਆਦਿ ਗ੍ਰੰਥ' ਜੀ ਨੂੰ ਗੁਰਿਆਈ ਸੌਂਪੀ ਗਈ। ਤਦੋਂ ਤੋਂ 'ਆਦਿ ਗ੍ਰੰਥ' ਜੀ ਨੂੰ 'ਗੁਰੂ ਗ੍ਰੰਥ ਸਾਹਿਬ' ਦੇ ਰੂਪ ਵਿਚ ਜਾਣਿਆ ਜਾਂਦਾ ਹੈ।

ਗੁਰੂ ਗ੍ਰੰਥ ਸਾਹਿਬ ਜੀ ਵਿਚ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਉਚਾਰਨ ਕੀਤੇ ਕੁੱਲ ੫੯ ਸ਼ਬਦ ਤੇ ੫੭ ਸਲੋਕ ਸੁਭਾਇਮਾਨ ਹਨ। ਆਪ ਜੀ ਦੀ ਕੋਈ ਲੰਬੇਰੀ ਬਾਣੀ ਉਪਲਬੱਧ ਨਹੀਂ ਹੈ। ਗੁਰੂ ਸਾਹਿਬ ਜੀ ਦੀ ਬਾਣੀ ਦਾ ਕਾਵਿ ਪ੍ਰਬੰਧ ਦੋ-ਤੁਕ, ਦੋਹਾ-ਰੂਪ ਸਲੋਕ, ਦੁਪਦੇ, ਤਿਪਦੇ, ਛੇ-ਤੁਕੇ, ਅੱਠ-ਤੁਕੇ ਰੂਪ ਵਿਚ ਹੈ। ਗੁਰੂ ਸਾਹਿਬ ਜੀ ਨੇ ਬ੍ਰਹਮ, ਮਾਇਆ, ਜਾਂ ਮਨੁੱਖੀ ਵਿਸ਼ਿਆ ਬਾਰੇ ਨਿੱਕੀਆ ਰਮਜਾਂ ਦੁਆਰਾ ਅਨੁਭਵ ਪੇਸ਼ ਕੀਤਾ ਹੈ। ਜਿਸ ਸਮੇਂ ਔਰੰਗਜੇਬ ਦੁਆਰਾ ਜਦੋਂ ਗੁਰੂ ਸਾਹਿਬ ਜੀ ਨੂੰ ਕੋਠੜੀ ਵਿਚ ਬੰਦ ਕਰ ਦਿੱਤਾ ਗਿਆ ਸੀ, ਤਾਂ ਗੁਰੂ ਸਾਹਿਬ ਜੀ ਆਪਣੇ ਮਹਿਲ ਤੇ ਮਾਤਾ ਜੀ ਨੂੰ ਨੇ ਹੇਠ ਲਿਖੇ ਦੋ ਸਲੋਕ ਸੁਨੇਹੇ ਰੂਪ ਵਿਚ ਭੇਜੇ:[5]

ਰਾਮੁ ਗਇਓ ਰਾਵਨੁ ਗਇਓ ਜਾ ਕਉ ਬਹੁ ਪਰਵਾਰੁ॥
ਕਹੁ ਨਾਨਕ ਥਿਰੁ ਕਛੁ ਨਹੀ ਸੁਪਨੇ ਜਿਉ ਸੰਸਾਰੁ॥੫੦॥
ਚਿੰਤਾ ਤਾ ਕੀ ਕੀਜੀਐ ਜੋ ਅਨਹੋਨੀ ਹੋਇ॥
ਇਹੁ ਮਾਰਗੁ ਸੰਸਾਰ ਕੋ ਨਾਨਕ ਥਿਰੁ ਨਹੀ ਕੋਇ॥੫੧॥[6]

**ਹੇਠ ਲਿਖੇ ਸਲੋਕ ਅਨੰਦਪੁਰ ਵਾਸੀ ਸੰਗਤ ਨੂੰ ਭੇਜੇ:**[7]

ਪਾਂਚ ਤਤ ਕੋ ਤਨੁ ਰਚਿਓ ਜਾਨਹੁ ਚਤੁਰ ਸੁਜਾਨ॥
ਜਿਹ ਤੇ ਉਪਜਿਓ ਨਾਨਕਾ ਲੀਨ ਤਾਹਿ ਮੈ ਮਾਨੁ॥੧੧॥
ਜਿਉ ਸੁਪਨਾ ਅਰੁ ਪੇਖਨਾ ਐਸੇ ਜਗ ਕਉ ਜਾਨਿ॥
ਇਨ ਮੈ ਕਛੁ ਸਾਚੋ ਨਹੀ ਨਾਨਕ ਬਿਨੁ ਭਗਵਾਨ॥੨੩॥
ਨਿਜ ਕਰਿ ਦੇਖਿਓ ਜਗਤੁ ਮੈ ਕੋ ਕਾਹੂ ਕੋ ਨਾਹਿ॥
ਨਾਨਕ ਥਿਰੁ ਹਰਿ ਭਗਤਿ ਹੈ ਤਿਹ ਰਾਖੋ ਮਨ ਮਾਹਿ॥੪੮॥[8]

ਗੁਰੂ ਸਾਹਿਬ ਜੀ ਨੇ ਬਾਣੀ ਰਾਹੀਂ ਅਧਿਆਤਮਿਕ ਦੀ ਚੇਤਨਾ ਤੇ ਸਾਧਨਾ ਨੂੰ ਸੁੰਨ-ਮੰਡਲ ਦੇ ਅਸੀਮ ਅਸਚਰਜ ਨੂੰ ਬਿਆਨ ਕੀਤਾ ਹੈ। ਜਿਸ ਰਾਹੀਂ ਮ੍ਰਿਤ-ਮੰਡਲ ਦੇ ਸੀਮਿਤ ਮਾਨਵੀ ਆਤਮਾ ਵਿਚ ਸੰਗੋੜ ਕੇ ਦੇਖਣ ਦੀ ਥਾਵੇਂ ਆਤਮਾ ਤੇ ਅਧਿਕ ਵਿਸਤਾਰੀ ਰੂਪ ਸਰਬਾਤਮ ਰੂਪ ਵਿਚ ਪਸਾਰਿਆ ਗਿਆ ਹੈ। ਮਾਨਵੀ ਅਧਿਕਾਰਾਂ ਦੇ ਪੱਖ-ਪਾਤ ਵਾਲੀ ਸ਼ਖ਼ਸੀਅਤ, ਲੋਭ-ਲਾਲਚ, ਸੁਖ-ਦੁਖ, ਕੰਚਨ ਮਾਟੀ ਅਤੇ ਮਾਨ-ਅਪਮਾਨ ਤੋਂ ਵਿਰਕਤ ਚਿੱਤ ਦੀ ਚੇਤਨਾ ਦਾ ਝਾਉਲਾ ਬਾਣੀ ਵਿਚੋਂ ਉਘੜਦਾ ਹੈ। ਜੋ ਇੱਕ ਨਿਰਾਲੀ ਅਧਿਆਤਮਿਕ ਵਿਲੱਖਣਤਾ ਦਾ ਪ੍ਰਕਾਸ਼ ਪਸਾਰਦਾ ਹੈ ਤੇ ਕਾਲੀ-ਬੋਲੀ ਨਿਰਾਸ਼ਾ ਦੀ ਰਾਤ ਵਿਚ ਚੰਦਰਮਾ ਵਾਂਗ ਸ਼ੀਤਲਤਾ ਤੇ ਆਨੰਦ ਬਖਸ਼ਦਾ ਹੈ।

## ਬਾਣੀ ਦਾ ਰਾਗਾਤਮਕ ਪ੍ਰਬੰਧ

ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅੰਦਰ ੧੭ ਰਾਗਾਂ ਵਿਚ ਦਰਜ ਹੈ। ਜਿਸ ਵਿਚ ੧੫ ਸ਼ੁੱਧ ਰਾਗ ਅਤੇ ੨ ਮਿਸ਼ਰਿਤ ਰਾਗ ਹਨ। ਬਹੁਤ ਵਿਦਵਾਨਾਂ ਨੇ ੧੫ ਜਾਂ ੧੬ ਰਾਗਾਂ ਦਾ ਜਿਕਰ ਕੀਤਾ ਹੈ। ਕਿਉਂਕਿ ਸਾਰੀ ਤਰਤੀਬ ਵਿਚ ਦੋ ਮਿਸ਼ਰਤ ਰਾਗ ਹਨ, ਤਿਲੰਗ ਕਾਫੀ ਅਤੇ ਬਸੰਤ ਹਿੰਡੋਲ। ਜਦ ਕਿ ਇਸ ਦੇ-ਦੋ ਸੁਤੰਤਰ ਰੂਪ ਵੀ ਮੌਜੂਦ ਹਨ, ਰਾਗ ਤਿਲੰਗ ਅਤੇ ਰਾਗ ਬਸੰਤ। ਜਿਆਦਾਤਰ ਵਿਦਵਾਨ ਮਿਸ਼ਰਤ ਰਾਗਾਂ ਨੂੰ ਅੱਖੋਂ ਓਹਲੋਂ ਕਰ ਦਿੰਦੇ ਹਨ ਪਰ ਦੋਵਾਂ ਰਾਗਾਂ ਦੀ ਆਪੋ-ਆਪਣੀ ਸੁਤੰਤਰ ਹੋਂਦ ਹੈ।[9] ਵਿਦਵਾਨਾਂ ਅਨੁਸਾਰ ਗੁਰੂ ਸਾਹਿਬ ਜੀ ਨੇ ਬਾਣੀ ਨੂੰ ਰਾਗ ਬੱਧ ਕਰਨ ਸਮੇਂ ਸਾਰੀਆਂ ਰੁੱਤਾਂ ਨੂੰ ਹੀ ਧਿਆਨ ਵਿਚ ਰੱਖਿਆ ਹੈ। ਜਿਵੇਂ ਬਸੰਤ ਰੁੱਤ (ਚੇਤ-ਵਿਸਾਖ) ਵਿਚ ਗਾਏ ਜਾਣ ਵਾਲੇ ਬਿਲਾਵਲ, ਰਾਮਕਲੀ ਤੇ ਬਸੰਤ ਰਾਗ ਵਿਚ ਵੀ ਬਾਣੀ ਦਰਜ ਹੈ। ਫਿਰ ਗ੍ਰੀਖਮ ਰੁੱਤ (ਜੇਠ-ਹਾੜ) ਲਈ ਰਾਗ ਜੈਜਾਵੰਤੀ ਚੁਣਿਆ ਹੈ। ਇਸੇ ਤਰ੍ਹਾਂ ਵਰਖਾ ਰੁੱਤ (ਸਾਵਨ-ਭਾਦਰੋਂ) ਲਈ ਰਾਗ ਤਿਲੰਗ ਤੇ ਸਾਰੰਗ ਹਨ। ਸਰਦ ਰੁੱਤ (ਅੱਸੂ-ਕੱਤਕ) ਲਈ ਰਾਗ ਸੋਰਠਿ ਵੀ ਅਪਣਾਇਆ ਹੈ। ਬਰਫੀਲੀ ਜਾਂ ਹਿਮ ਰੁੱਤ (ਮੱਘਰ-ਪੋਹ) ਵਿਚ ਗਾਏ ਜਾਣ ਵਾਲੇ ਗਉੜੀ, ਦੇਵਗੰਧਾਰੀ, ਧਨਾਸਰੀ, ਜੈਤਸਰੀ, ਟੋਡੀ, ਤੇ ਮਾਰੂ ਆਦਿ ੬ ਰਾਗਾਂ ਵਿਚ ਬਾਣੀ ਦਰਜ ਹੈ। ਛੇਵੀਂ ਰੁੱਤ ਸ਼ਿਸਰ ਜਾਂ ਠੰਡੀ ਰੁੱਤ (ਮਾਘ-ਫੱਗਣ) ਹੈ ਤੇ ਇਸ ਰੁੱਤ ਵਿਚ ਗਾਏ ਜਾਣ ਵਾਲੇ ਰਾਗ ਆਸਾ ਤੇ ਬਿਹਾਗੜਾ ਹਨ।[10] ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਬਾਣੀ ਵਿਚਲੇ ਰਾਗਾਂ ਦਾ ਅਧਿਐਨ ਕਰਨ ਤੋਂ ਪਤਾ ਚਲਦਾ ਹੈਕਿ ਗੁਰੂ ਸਾਹਿਬ ਨੇ ਰਾਗ-ਰਾਗਣੀਆਂ ਤੋਂ ਇਲਾਵਾ ਰਾਗਾਂ ਦੇ ਪੁੱਤਰ ਅਤੇ ਉਹਨਾਂ ਦੇ ਪੁੱਤਰ-ਵਾਧੂਆਂ ਦੀ ਵਰਤੋਂ ਵੀ ਕੀਤੀ ਹੈ। ਜੋ ਗੁਰੂ ਸਾਹਿਬ ਜੀ ਦੀ ਸੰਗੀਤ ਪੱਖੀ ਵਿਦਵਤਾ ਨੂੰ ਦਰਸਾਉਂਦਾ ਹੈ। ਰਾਗਾਂ ਦੀ ਤਰਤੀਬ ਨੂੰ ਮੁੱਖ ਰੱਖ ਕੇ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਰਾਗ ਬੱਧ ਬਾਣੀ ਦੀ ਰਾਗ ਸੂਚੀ ਦਾ ਵੇਰਵਾ ਹੇਠ ਲਿਖੇ ਅਨੁਸਾਰ ਲੜੀਵਾਰ ਦਰਜ ਹਨ:

### ਰਾਗਾਂ ਅਨੁਸਾਰ ਬਾਣੀ ਦਾ ਵੇਰਵਾ:

| ਰਾਗਾਂ ਦਾ ਨਾਮ | ਸ਼ਬਦਾਂ ਦੀ ਗਿਣਤੀ | ਅੰਗ: ਸ੍ਰੀ ਗੁਰੂ ਗ੍ਰੰਥ ਸਾਹਿਬ ਜੀ |
|---|---|---|
| 1. ਰਾਗ ਗਉੜੀ | ੯ | ੨੧੯-੨੦ |
| 2. ਰਾਗ ਆਸਾ | ੧ | ੪੧੧ |
| 3. ਰਾਗ ਦੇਵਗੰਧਾਰੀ | ੩ | ੫੩੬ |
| 4. ਰਾਗ ਬਿਹਾਗੜਾ | ੧ | ੫੩੭ |
| 5. ਰਾਗ ਸੋਰਠਿ | ੧੨ | ੬੩੧-੩੪ |
| 6. ਰਾਗ ਧਨਾਸਰੀ | ੪ | ੬੮੪-੮੫ |
| 7. ਰਾਗ ਜੈਤਸਰੀ | ੩ | ੭੦੨-੦੩ |
| 8. ਰਾਗ ਟੋਡੀ | ੧ | ੭੧੮ |
| 9. ਰਾਗ ਤਿਲੰਗ ਕਾਫੀ | ੧ | ੭੨੬ |
| 10. ਰਾਗ ਤਿਲੰਗ | ੨ | ੭੨੭ |
| 11. ਰਾਗ ਬਿਲਾਵਲ | ੩ | ੮੩੦-੩੧ |
| 12. ਰਾਗ ਰਾਮਕਲੀ | ੩ | ੯੦੧-੦੨ |
| 13. ਰਾਗ ਮਾਰੂ | ੩ | ੧੦੦੮ |
| 14. ਰਾਗ ਬਸੰਤ ਹਿੰਡੋਲ | ੧ | ੧੧੮੬-੮੭ |
| 15. ਰਾਗ ਬਸੰਤ | ੪ | ੧੧੮੬-੮੭ |
| 16. ਰਾਗ ਸਾਰੰਗ | ੪ | ੧੨੩੧-੩੨ |
| 17. ਰਾਗ ਜੈਜਾਵੰਤੀ | ੪ | ੧੩੫੨-੫੩ |

ਗੁਰੂ ਸਾਹਿਬ ਜੀ ਨੇ ਆਪਣੀ ਵੈਰਾਗਮਈ ਬਾਣੀ ਨੂੰ ਵੱਖ-ਵੱਖ ਰਾਗਾਂ ਦੇ ਅੰਤਰਗਤ ਪਰੋਇਆ ਹੈ। ਜਿਸ ਦੀ ਤਾਸੀਰ ਮਨੁੱਖੀ ਚੇਤਨਾ ਦੇ ਧੁਰ ਅੰਦਰ ਸੁੱਤੀ ਹੋਈ ਸੁਰਤਿ ਨੂੰ ਝੰਝੋੜਦਿਆਂ ਉਸ ਅਕਾਲ ਪੁਰਖ ਦੇ ਪਰਮ ਅਨੰਦ ਵਿਚ ਲੀਨ ਕਰ ਦਿੰਦੀ ਹੈ। ਸੰਗੀਤਕ ਸਿਧਾਂਤ ਨੂੰ ਧਿਆਨ ਵਿਚ ਰੱਖਦਿਆ ਗੁਰੂ ਸਾਹਿਬ ਜੀ ਨੇ ਰਾਗਾਂ ਦੀ ਢੁਕਵੀ ਚੋਣ ਕੀਤੀ ਹੈ। ਜਿਸ ਵਿਚ ਰਾਗਾਂ ਦੇ ਵੱਖ-ਵੱਖ ਰੁੱਤਾਂ ਵਿਚ ਉਹਨਾਂ ਦਾ ਗਾਇਨ ਸਮਾਂ ਵੀ ਗੁਰੂ ਸਾਹਿਬ ਜੀ ਦੀ ਵੈਰਾਗੀ ਬਿਰਤੀ ਦਾ ਸੂਚਕ ਹੈ। ਗੁਰੂ ਸਾਹਿਬ ਜੀ ਨੇ ਜਿਨ੍ਹਾਂ ਰਾਗਾਂ ਦੀ ਵਧੇਰੇ ਵਰਤੋਂ ਆਪਣੀ ਬਾਣੀ ਵਿਚ ਕੀਤੀ ਹੈ, ਉਹਨਾਂ ਦੀ ਗਾਇਨ ਰੁੱਤ ਪੱਤਝੜ ਹੈ ਅਤੇ ਗਾਇਨ ਸਮਾਂ ਦਿਨ ਦਾ ਅਖੀਰਲਾ ਪਹਿਰ ਹੈ। ਜਿਸ ਦਾ ਇਸ਼ਾਰਾ ਦ੍ਰਿਸ਼ਟਮਾਨ ਜਗਤ ਦੀ ਹਰ ਸੂਖਮ ਤੋਂ ਵੀ ਸੂਖਮ ਵਸਤ ਦਾ ਆਪਣੀ ਮੰਜਿਲ ਵਲ ਵਧਣ ਭਾਵ ਅੰਤ ਵਲ ਜਾਣ ਦਾ ਹੈ। ਗੁਰੂ ਸਾਹਿਬ ਜੀ ਦਾ ਆਪਣੀ ਬਾਣੀ ਵਿਚ ਇਹ ਵਿਸ਼ਾ ਸਭ ਤੋਂ ਵੱਧ ਮੁੱਖ ਰਿਹਾ ਹੈ।

**ਰਾਗ ਜੈਜਾਵੰਤੀ ਦੀ ਵਿਲੱਖਣਤਾ**

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਰਾਗ ਪ੍ਰਬੰਧ ਦਾ ਅੰਤਿਮ ਰਾਗ ਜੈਜਾਵੰਤੀ ਹੈ। ਜਿਸ ਨੂੰ ਭਾਰਤੀ ਸੰਗੀਤ ਵਿਚ ਵੀ ਜੈਜਾਵੰਤੀ ਆਖਿਆ ਜਾਂਦਾ ਹੈ। ਭਾਰਤੀ ਸੰਗੀਤ ਵਿਧਾਨ ਮੁਤਾਬਿਕ ਰਾਗ ਜੈਜਾਵੰਤੀ ਨੂੰ ਪਰਮੇਲ ਪ੍ਰਵੇਸ਼ਕ ਰਾਗ ਦਾ ਦਰਜਾ ਦਿੱਤਾ ਗਿਆ ਹੈ। ਪਰ - ਇੱਕ ਤੋਂ ਦੂਸਰਾ, ਮੇਲ-ਥਾਟ, ਪ੍ਰਵੇਸ਼ਕ-ਪ੍ਰਵੇਸ਼ ਕਰਾਉਣ ਵਾਲਾ ਰਾਗ।[11] ਭਾਵ ਕਿ ਰਾਗ ਜੈਜਾਵੰਤੀ ਨੂੰ ਉਦੋਂ ਗਾਇਨ ਕੀਤਾ ਜਾਂਦਾ ਹੈ ਜਦੋਂ ਇਕ ਥਾਟ ਵਾਲੇ ਰਾਗਾਂ ਦਾ ਸਮਾਂ ਸਮਾਪਤ ਹੋਣ ਲੱਗਦਾ ਹੈ ਅਤੇ ਦੂਸਰੇ ਥਾਟ ਵਾਲੇ ਰਾਗਾਂ ਦਾ ਸਮਾਂ ਸ਼ੁਰੂ ਹੋਣ ਲੱਗਦਾ ਹੈ। ਇਸ ਰਾਗ ਵਿਚ ਦੋਨੋ ਥਾਟਾਂ ਦੇ ਗੁਣ ਮੌਜੂਦ ਹਨ। ਇਸ ਪੱਖ ਤੋਂ ਇਸ ਦੀ ਪ੍ਰਕ੍ਰਿਤੀ ਚੰਚਲ ਵੀ ਹੈ ਅਤੇ ਗੰਭੀਰ ਵੀ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਇਸ ਰਾਗ ਦੇ ਅਧੀਨ ਕੇਵਲ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਚਾਰ ਸ਼ਬਦ ਅੰਕਿਤ ਹਨ। ਇਹ ਰਾਗ ਗੰਭੀਰ ਅਤੇ ਕਰੁਣਾਮਈ ਪ੍ਰਕ੍ਰਿਤੀ ਦਾ ਧਾਰਨੀ ਹੈ। ਇਹ ਖਮਾਜ ਥਾਟ ਦਾ ਸੰਪੂਰਨ ਰਾਗ ਹੈ, ਜੋ ਇੱਕ ਭਿੰਨ ਰਾਗਣੀ ਹੈ। ਸੰਭਵ ਹੈ ਕਿ ਗੁਰੂ ਸਾਹਿਬ ਜੀ ਨੇ ਪੂਰਬੀ ਭਾਰਤ ਦੇ ਦੌਰੇ ਦੌਰਾਨ ਜੈਜਾਵੰਤੀ ਰਾਗ ਦੀਆਂ ਸੁਰਾਂ ਨੂੰ ਆਪਣਾਇਆ ਹੋਵੇ।[12] ਰਾਗ ਜੈਜਾਵੰਤੀ ਦੋ ਅੰਗਾਂ ਤੋਂ ਗਇਆ ਜਾਂਦਾ ਹੈ, ਇਕ ਦੇਸ ਜਾਂ ਸੋਰਠਿ ਅੰਗ ਅਤੇ ਦੂਸਰਾ ਬਾਗੇਸ਼ਵਰੀ ਅੰਗ। ਇਸ ਰਾਗ ਵਿਚ ਦੋਵੇਂ ਗੰਧਾਰ ਅਤੇ ਦੋਵੇਂ ਨਿਸ਼ਾਦ ਲਗਦੇ ਹਨ। ਇਸ ਰਾਗ ਦੇ ਆਰੋਹ ਵਿਚ ਸ਼ੁੱਧ ਗੰਧਾਰ ਦਾ ਪ੍ਰਯੋਗ ਹੁੰਦਾ ਹੈ, ਪਰ ਕੋਮਲ ਗੰਧਾਰ ਦੀ ਵਰਤੋਂ ਇਕ ਵਿਸ਼ੇਸ਼ ਢੰਗ ਨਾਲ ਕੀਤੀ ਜਾਂਦੀ ਹੈ। ਕੋਮਲ ਗੰਧਾਰ ਦੇ ਦੋਵੇਂ ਪਾਸੇ ਰਿਸ਼ਭ ਸੁਰ ਰੇ ਗ ਮ ਗ ਰੇ ਗੁ ਰੇ ਰੱਖਕੇ ਕੀਤੀ ਜਾਂਦੀ ਹੈ। ਇਸ ਰਾਗ ਵਿਚ ਦੋਵੇਂ ਨਿਸ਼ਾਦ ਸੁਰਾਂ ਦੀ ਵਰਤੋਂ ਦੇਸ ਜਾ ਸੋਰਠ ਅੰਗ ਨਾਲ (ਧੈਵਤ ਸੁਰ ਛੱਡ ਕੇ) ਤੀਖਰ ਨਿਸ਼ਾਦ ਸਹਿਤ ਤਾਰ ਸਪਤਕ ਵਿਚ ਪ੍ਰਵੇਸ਼ ਕੀਤਾ ਜਾਂਦਾ ਹੈ। ਜਿਵੇਂ ਨੀ ਨੀ ਸਂ, ਨੀ ਸਂ ਪਰ ਜਿਸ ਵੇਲੇ ਤਾਰ ਸ਼ੜਜ ਦੇ ਅੱਗੇ ਵੱਧਣਾ ਹੋਵੇ ਤਾਂ ਸ਼ੜਜ ਸੁਰ ਦਾ ਤਿਆਗ ਕਰਕੇ ਕੋਮਲ ਨਿਸ਼ਾਦ ਲਗਾਇਆ ਜਾਂਦਾ ਹੈ ਨੀ ਸਂ ਧ ਨੀ'(ਕੋਮਲ) ਰੇਂ। ਬਾਗੇਸ਼ਰੀ ਅੰਗ ਨਾਲ ਅੰਤਰੇ ਦੇ ਉਠਾਅ ਸਮੇਂ ਪੰਚਮ ਸੁਰ ਵਰਜਿਤ ਕਰਕੇ ਕੋਮਲ ਨਿਸ਼ਾਦ ਲਗਾਇਆ ਜਾਂਦਾ ਹੈ।

ਗੁਰੂ ਸਾਹਿਬ ਜੀ ਨੇ ਜੈਜਾਵੰਤੀ ਰਾਗ ਨੂੰ ਅੰਤ ਵਿਚ ਰੱਖ ਕੇ ਜੋ ੪ ਸ਼ਬਦ ਉਚਾਰਨ ਕੀਤੇ ਉਨ੍ਹਾਂ ਵਿਚ ਦੇਹ ਦੇ ਪਿਆਰ ਤੋਂ ਮੁਕਤੀ ਅਤੇ ਆਤਮਾ ਪਰਮਾਤਮਾ ਦੇ ਇਕਮਿਕਤਾ ਦੇ ਭਾਵ ਨੂੰ ਇਸ ਰਾਗ ਵਿਚ ਨਿਵੇਕਲੀ ਕਿਸਮ ਨਾਲ ਪੇਸ਼ ਕੀਤਾ ਹੈ:

**ਬੀਤ ਜੈਹੇ ਬੀਤ ਜੈਹੇ ਜਨਮ ਅਕਾਜਿ ਰੇ॥**[13]

ਰਾਗ ਜੈਜਾਵੰਤੀ ਵਿਚ ਰਚੇ ਗਏ ਉਹਨਾਂ ਦੇ ਚਾਰ ਸ਼ਬਦਾਂ ਸੰਰਚਨਾ ਦੀ ਦ੍ਰਿਸ਼ਟੀ ਤੋਂ ਦੂਜੇ ਰਾਗਾਂ ਨਾਲੋਂ ਕੁਝ ਵੱਖਰੇ ਵੀ ਹਨ। ਪੰਕਤੀਆਂ ਵਿਚ ਮਾਤਰਾਵਾਂ ਦੀ ਗਿਣਤੀ ਵੀ ਕੁਝ ਅਲੱਗ ਢੰਗ ਨਾਲ ਨਿਸ਼ਚਿਤ ਕੀਤੀ ਗਈ ਹੈ:

**ਰੇ ਮਨ ਕਉਨੁ ਗਤਿ ਹੋਇ ਹੈ ਤੇਰੀ॥**[14]

(੧੭ ਮਾਤਰਾਵਾਂ - ਸ਼ਿਖਰ ਤਾਲ)

**ਬਿਖਿਅਨ ਸਿਉ ਅਤਿ ਲੁਭਾਨਿ ਮਤਿ ਨਾਹਨਿ ਫੇਰੀ॥**[15]

(੨੨ ਮਾਤਰਾਵਾਂ - ਮਹਾਂ ਤਾਲ)

ਗੁਰੂ ਸਾਹਿਬ ਜੀ ਨੇ ਰਾਗ ਨੂੰ ਇੱਕ ਵਸੀਲਾ ਬਣਾਇਆ ਹੈ। ਜਿਸ ਨਾਲ ਪਰਮੇਸ਼ਰ ਪ੍ਰਾਪਤੀ ਦੀ ਕੀਰਤੀ ਬਹੁਤ ਸਹਿਜ, ਸੁਹਜ ਤੇ ਸਰਲ ਬਿਰਤੀ ਨਾਲ ਹੁੰਦੀ ਹੈ। ਜਦੋਂ ਇਸ ਵਸੀਲੇ ਨਾਲ ਸੁਰਤ ਜੁੜਦੀ ਹੈ ਤਾਂ ਉਹ ਏਕਾਗ੍ਰਤਾ ਵਿਚ ਚੜਦੀ-ਚੜਦੀ ਮਨ ਤੇ ਬੁੱਧੀ ਤੋਂ ਉੱਚੀ ਹੋ ਕੇ ਸਿੱਧੀ ਮੰਡਲ ਤੇ ਪਹੁੰਚਦੀ ਹੈ। ਰਾਗ ਜੈਜਾਵੰਤੀ ਅਧੀਨ ਚਾਰ

ਸ਼ਬਦਾਂ ਵਿਚ ਸਤਿਗੁਰੂ ਜੀ ਨੇ ਇਹੀ ਫੁਰਮਾਇਆ ਹੈ ਕਿ ਹੇ ਜੀਵ ਇਸ ਜਗਤ ਦੇ ਸੁੱਖਾਂ ਨੂੰ ਨਾਸਵੰਤ ਜਾਣ ਕੇ ਪਰਮਾਤਮਾ ਦਾ ਸਿਮਰਨ ਕਰ ਜੋ ਸਦਾ ਹੀ ਤੇਰੇ ਅੰਗ ਸੰਗ ਹੈ ਤੇ ਹਰ ਸਮੇਂ ਸਹਾਈ ਹੋਣ ਵਾਲਾ ਹੈ।

## ਰਾਗ ਪਰਿਚੈ[16]

ਜੈਜਾਵੰਤੀ ਵਿਚ ਕਈ ਰਾਗਾਂ ਦੀ ਰੰਗਤ ਦ੍ਰਿਸ਼ਟੀਗੋਚਰ ਹੁੰਦੀ ਹੈ। ਇੱਕ ਸੰਗੀਤਕਾਰ ਦਾ ਵਿਚਾਰ ਹੈ ਕਿ ਇਸ ਰਾਗ ਵਿਚ ਗੋਂਡ, ਬਿਲਾਵਲ ਅਤੇ ਸੋਰਠ ਦਾ ਮਿਸ਼ਰਣ ਹੈ। ਇਸ ਵਿਚ ਗੋਂਡ ਦਾ ਅੰਗ "ਰੇ ਗ ਮ ਰੇ ਮ ਗ, ਗ ਮ ਰੇ ਸਾ", ਬਿਲਾਵਲ "ਗ ਰੇ ਗ ਪ ਮ ਗ ਰੇ" ਅਤੇ ਸੋਰਠ ਜਾਂ ਦੇਸ਼ ਦਾ "ਸਾਂ ਨੀ' ਧ ਪ ਮ ਗ ਰੇ", ਲੈਣ ਉਪਰੰਤ "ਰੇ ਗੁ ਰੇ ਸਾ" ਸੁਰ ਸੰਗਤਿ ਜੋੜ ਕੇ ਜੈਜਾਵੰਤੀ ਦੀ ਸਿਰਜਣਾ ਕੀਤੀ ਗਈ ਹੈ।
ਆਰੋਹ: ਸਾ ਰੇ ਰੇ, ਰੇ ਗੁ ਰੇ ਸਾ, ਨੀ' ਧ ਪ, ਰੇ ਗ ਮ ਪ ਨੀ ਸਾਂ।
ਅਵਰੋਹ: ਸਾਂ ਨੀ' ਧ ਪ, ਧ ਮ, ਰੇ ਗੁ ਰੇ ਸਾ।
ਮੁੱਖ ਅੰਗ: ਰੇ ਗੁ ਰੇ ਸਾ, ਨੀ' ਧ ਪ ਗ ਰੇ।

## ਸ੍ਰੋਤ


1) ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪੰਨਾ-818
2) ਖਾਲਸਾ ਸਮਾਚਾਰ ਅੰਮ੍ਰਿਤਸਰ ਜਿਲਦ 33 ਨੰ: 2, 3 ਦਸੰਬਰ 1931
3) ਡਾ. ਜਾਗੀਰ ਸਿੰਘ, ਗੁਰਮਤਿ ਕਾਵਿ ਵਿਚ ਸੰਗੀਤ ਦਾ ਮਹੱਤਵ, ਖੋਜ ਪਤ੍ਰਿਕਾ ਸਤੰਬਰ 1985, ਅੰਕ 26, ਪਬਲੀਕੇਸ਼ਨ ਬਿਊਰੋ ਪੰਜਾਬੀ ਯੂਨੀਵਰਸਿਟੀ, ਪਟਿਆਲਾ.
4) ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪੰਨਾ-849
5) ਗੁਰਮੁਖ ਸਿੰਘ ਐਮ. ਏ., ਸ੍ਰੀ ਗੁਰੂ ਤੇਗ ਬਹਾਦਰ ਜੀਵਨ, ਦਰਸ਼ਨ ਤੇ ਕਲਾ, ਲਾਹੌਰ ਬੁੱਕ ਸ਼ਾਪ, ਲੁਧਿਆਣਾ, 1975
6) ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪੰਨਾ-1429
7) ਗੁਰਮੁਖ ਸਿੰਘ ਐਮ. ਏ.
8) ਉਹੀ।
9) ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪੰਨਾ-1429
10) ਡਾ. ਇੰਦਰਜੀਤ ਸਿੰਘ ਗੋਗੋਆਣੀ, ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਰਾਗ-ਬੱਧ ਬਾਣੀ ਦਾ ਅਧਿਐਨ, ਚੀਫ਼ ਖਾਲਸਾ ਦੀਵਾਨ,ਅੰਮ੍ਰਿਤਸਰ, 2021
11) ਪ੍ਰਭਜੋਤ ਕੌਰ, ਰਾਗਾਤਮਕ ਅਧਿਐਨ ਦੀ ਵਿਲੱਖਣਤਾ-ਜੈਜਾਵੰਤੀ ਰਾਗੁ, ਚੀਫ਼ ਖਾਲਸਾ ਦੀਵਾਨ,ਅੰਮ੍ਰਿਤਸਰ, 2021
12) ਪ੍ਰੋ. ਰਜਿੰਦਰ ਸਿੰਘ ਜਾਪ, ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਬਾਣੀ ਦਾ ਸੰਗੀਤ ਵਿਧਾਨ, ਚੀਫ਼ ਖਾਲਸਾ ਦੀਵਾਨ ਚੈਰੀਟੇਬਲ ਸੋਸਾਇਟੀ,ਅੰਮ੍ਰਿਤਸਰ, 2020
13) ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪੰਨਾ-1352
14) ਉਹੀ
15) ਉਹੀ
16) ਪ੍ਰੋ. ਤਾਰਾ ਸਿੰਘ, ਸ੍ਰੀ ਗੁਰੂ ਤੇਗ ਬਹਾਦਰ ਰਾਗ ਰਤਨਾਵਲੀ, ਪਬਲੀਕੇਸ਼ਨ ਬਿਊਰੋ ਪੰਜਾਬੀ ਯੂਨੀਵਰਸਿਟੀ,ਪਟਿਆਲਾ, 1977



ਖੋਜ ਵਿਦਵਾਨ
ਗੁਰੂ ਨਾਨਕ ਅਧਿਐਨ ਵਿਭਾਗ
ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ
ਸੰਪਰਕ: 8307011551

# ਰਾਗ ਬੱਧ ਕੀਰਤਨ ਦਰਬਾਰਾਂ ਦਾ ਸਿਰਜਕ – ਪਿੰਡ ਢਿੱਲਵਾਂ (ਜਲੰਧਰ)

ਸ. ਤੀਰਥ ਸਿੰਘ ਢਿੱਲੋਂ

ਭਾਵੇਂ ਕਿ ਅੱਜਕੱਲ੍ਹ ਨਿੱਤ ਦਿਨ ਵੱਖ ਵੱਖ ਸ਼ਹਿਰਾਂ, ਕਸਬਿਆਂ ਅਤੇ ਪਿੰਡਾਂ ਦੇ ਨਾਲ ਨਾਲ ਇਤਿਹਾਸਕ ਗੁਰਦੁਆਰਾ ਸਾਹਿਬਾਨ ਵਿਚ ਕੀਰਤਨ ਦਰਬਾਰ ਹੁੰਦੇ ਰਹਿੰਦੇ ਹਨ ਜੋ ਕਿ ਚੰਗੀ ਗੱਲ ਹੈ, ਪਰ ਸਮੇਂ ਦੇ ਬਦਲਣ ਨਾਲ ਕੀਰਤਨ ਦਰਬਾਰਾਂ ਦਾ ਪੱਧਰ ਉਹ ਨਹੀਂ ਰਿਹਾ, ਜੋ ਪਿਛਲੇ ਸਮੇਂ ਦੌਰਾਨ ਹੁੰਦਾ ਸੀ। ਇਸ ਦੇ ਦੋ ਵੱਡੇ ਕਾਰਨ ਹਨ:– ਪਹਿਲਾ– ਸੰਗਤਾਂ ਵੱਲੋਂ ਕਲਾਸੀਕਲ ਜਾਂ ਰਾਗਬੱਧ ਕੀਰਤਨ ਕਰਨ ਵਾਲੇ ਰਾਗੀ ਜੱਥਿਆਂ ਪ੍ਰਤੀ ਉਦਾਸੀਨਤਾ ਅਤੇ ਦੂਜਾ–ਰਾਗੀ ਜੱਥਿਆਂ ਵੱਲੋਂ ਵੀ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਰਾਗਾਂ ਦੇ ਗਾਇਨ ਪ੍ਰਤੀ ਅਵੇਸਲਾ ਹੋਣਾ। ਇਥੇ ਮੈਂ ਖਿਮ੍ਹਾ ਜਾਚਨਾ ਨਾਲ ਇਹ ਅਰਜ਼ ਕਰਨੀ ਚਾਹੁੰਦਾ ਹਾਂ ਕਿ ਅੱਜ ਕੱਲ੍ਹ ਕੀਰਤਨ ਰਸ ਦੀ ਥਾਂ ਕੰਨ ਰਸ ਪ੍ਰਧਾਨ ਹੋ ਗਿਆ ਹੈ। ਜ਼ਿਆਦਾਤਰ ਰਾਗੀ ਜੱਥੇ ਕੁਝ ਇਕ ਰਾਗਾਂ ਅਤੇ ਦੋ ਚਾਰ ਤਾਲਾਂ ਤੱਕ ਹੀ ਸੀਮਿਤ ਹੋ ਕੇ ਕੰਮ ਚਲਾਈ ਜਾ ਰਹੇ ਹਨ, ਕਿਉਂਕਿ ਸਰੋਤੇ/ਸੰਗਤਾਂ ਇਸੇ ਨੂੰ ਹੀ ਪਸੰਦ ਕਰਦੀਆਂ ਹਨ। ਕੋਈ ਵੇਲਾ ਸੀ ਜਦੋਂ ਮੈਂ ਆਪਣੇ ਬਚਪਨ ਅਤੇ ਜਵਾਨੀ ਸਮੇਂ ਰਾਗੀ ਜੱਥਿਆਂ ਨੂੰ ਘੰਟਿਆਂ ਬੱਧੀ ਰਿਆਜ਼ ਕਰਦੇ ਦੇਖਿਆ। ਉਹ ਫਰੋਦਸਤ, ਦੀਪਚੰਦੀ, ਆੜਾ ਚਉਤਾਲ, ਜੈਤਾਲ, ਝਪ ਤਾਲ, ਸੂਲਫਾਖ਼ਤਾ, ਚਾਰ ਤਾਲ, ਰੂਪਕ ਤਾਲ ਆਦਿ ਬਿਖੜੇ ਤਾਲਾਂ ਵਿੱਚ ਕੀਰਤਨ ਕਰਕੇ ਸਮਾਂ ਬੰਨ ਹ ਦਿੰਦੇ ਸਨ ਅਤੇ ਸੰਗਤਾਂ ਅਨੰਦਿਤ ਹੋ ਉਠਦੀਆਂ ਸਨ।

ਹੁਣ ਗੱਲ ਕਰਦੇ ਹਾਂ–ਜਲੰਧਰ ਛਾਉਣੀ ਦੀ ਕੁੱਖ ਵਿਚ ਵੱਸਦੇ ਪਿੰਡ ਢਿਲਵਾਂ ਦੀ, ਜਿਸ ਨੇ ਉਸ ਸਮੇਂ ਪੰਜਾਬ ਵਿੱਚ ਕਲਾਸੀਕਲ ਅਤੇ ਪੁਰਾਤਨ ਸ਼ੈਲੀ ਮੁਤਾਬਿਕ ਕੀਰਤਨ ਦਰਬਾਰ ਕਰਾਉਣ ਦਾ ਬੀੜਾ ਚੁੱਕਿਆ ਜਦੋਂ ਵਿਰਲੇ ਟਾਵੇਂ ਕੀਰਤਨ ਦਰਬਾਰ ਹੀ ਹੁੰਦੇ ਸਨ, ਪਰ ਉਨ੍ਹਾਂ ਦਾ ਪੱਧਰ ਬਹੁਤ ਉੱਚਾ ਹੁੰਦਾ ਸੀ। ਗੱਲ ੧੯੭੬ ਦੀ ਹੈ, ਜਦੋਂ ਮੈਂ ਐੱਮ ਏ ਕਰਕੇ ਹਟਿਆ ਹੀ ਸੀ ਤਾਂ ਇੱਕ ਦਿਨ ਮੈਂ ਆਪਣੇ ਪਿਤਾ ਜੀ (ਆਪਣੇ ਸਮੇਂ ਦੇ ਭਾਰਤੀ ਫੌਜ ਦੇ ਹਾਕੀ ਦੇ ਮਹਾਨ ਖਿਡਾਰੀ ਲੈਫਟੀਨੈਂਟ ਨਰੰਜਣ ਸਿੰਘ) ਨੂੰ ਆਪਣੇ ਪਿੰਡ ਵਿੱਚ ਕਲਾਸੀਕਲ ਕੀਰਤਨ ਦਰਬਾਰ ਸ਼ੁਰੂ ਕਰਨ ਲਈ ਬੇਨਤੀ ਕੀਤੀ। ਉਹ ਗੁਰਦੁਆਰਾ ਸਾਹਿਬ ਦੇ ਮੁਖੀ ਸਨ। ਉਨ੍ਹਾਂ ਮੈਨੂੰ ਝਾੜਦਿਆਂ ਕਿਹਾ ਕਿ ਪੱਕੇ ਰਾਗਾਂ ਵਿਚ ਅਤੇ ਉਹ ਵੀ ਇੱਕ ਪਿੰਡ ਅੰਦਰ ਕੀਰਤਨ ਦਰਬਾਰ ਸਫ਼ਲ ਕਿਵੇਂ ਹੋਵੇਗਾ ਅਤੇ ਸੰਗਤ ਕਿੱਥੋਂ ਆਵੇਗੀ? ਤਾਂ ਮੈਂ ਪਿਤਾ ਜੀ ਅੱਗੇ ਉਨ੍ਹਾਂ ੫੦੦ ਕੀਰਤਨ ਪ੍ਰੇਮੀਆਂ ਦੀ ਲਿਸਟ ਰੱਖ ਦਿੱਤੀ, ਜਿਹੜੀ ਮੈਂ ਕਈ ਸਾਲਾਂ ਦੀ ਮਿਹਨਤ ਨਾਲ ਤਿਆਰ ਕੀਤੀ ਸੀ। ਪਿੰਡ ਦੇ ਮੋਹਤਬਰ ਸੱਜਣਾਂ, ਨੰਬਰਦਾਰ ਜਗਤ ਸਿੰਘ ਅਤੇ ਸਰਦਾਰ ਹਰਮਿੰਦਰ ਸਿੰਘ ਦੀ ਰਾਏ ਨਾਲ ਪਲੇਠਾ ਕੀਰਤਨ ਦਰਬਾਰ ਅਕਤੂਬਰ ੧੯੭੬ ਦੇ ਤੀਜੇ ਹਫ਼ਤੇ ਸਵੇਰੇ ੧੦ ਵਜੇ ਤੋਂ ਲੈ ਕੇ ਸ਼ਾਮ ੬ ਵਜੇ ਤੱਕ ਕਰਵਾਇਆ ਗਿਆ। ਇਸ ਤੋਂ ਬਾਅਦ ੧੯੮੧ ਤੱਕ ਕਰਵਾਏ ਸਾਰੇ ਕੀਰਤਨ ਦਰਬਾਰ ਅਕਤੂਬਰ ਦੀ ਮਿੱਠੀ ਰੁੱਤ ਦੌਰਾਨ ਹੀ ਕਰਵਾਏ ਗਏ। ਪਹਿਲੇ ਹੀ ਕਲਾਸੀਕਲ ਕੀਰਤਨ ਦਰਬਾਰ ਨੂੰ ਸੰਗਤਾਂ ਵੱਲੋਂ ਏਨਾ ਭਰਵਾਂ ਹੁੰਗਾਰਾ ਮਿਲਿਆ ਕਿ ਸਾਡੇ ਸਾਰਿਆਂ ਦੇ ਹੌਂਸਲੇ ਹੋਰ ਬੁਲੰਦ ਹੋ ਗਏ। ਫੌਜੀ ਅਫ਼ਸਰ ਹੋਣ ਕਾਰਨ ਪਿਤਾ ਜੀ ਸਮੁੱਚੇ ਪ੍ਰਬੰਧਾਂ ਨੂੰ ਬਹੁਤ ਸੁਚੱਜੇ ਢੰਗ ਨਾਲ ਤਰਤੀਬ ਦਿੰਦੇ ਸਨ, ਜਿਵੇਂ ਸਵੇਰੇ ਆਈ ਸੰਗਤ ਲਈ ਦੋ ਘੰਟੇ ਚਾਹ ਨਾਸ਼ਤਾ ਚੱਲਦਾ ਅਤੇ ਦੁਪਹਿਰ ੧੨ ਵਜੇ ਲੰਗਰ ਖੋਲ੍ਹ ਦਿੱਤਾ ਜਾਂਦਾ। ਇਨ੍ਹਾਂ ਕੀਰਤਨ ਦਰਬਾਰਾਂ ਵਿਚ ਜਿਹੜਾ ਸਰੋਤਾ ਇੱਕ ਵਾਰ ਆ ਕੇ ਦੀਵਾਨ ਵਿੱਚ ਸਜ ਜਾਂਦਾ, ਉਹ ਸਮਾਪਤੀ ਤੇ ਹੀ ਧੰਨ ਧੰਨ ਕਰਦਾ ਉੱਠਦਾ।

ਸ਼ਿਰਕਤ ਕਰਨ ਵਾਲੇ ਮਹਾਨ ਤੇ ਪ੍ਰਸਿੱਧ ਰਾਗੀ ਰਬਾਬੀ: ਇਸ ਕੀਰਤਨ ਦਰਬਾਰ ਦੀ ਖ਼ਾਸ ਗੱਲ ਇਹ ਸੀ ਕਿ ਹਿੱਸਾ ਲੈਣ ਵਾਲੇ ਰਾਗੀ ਜੱਥੇ ਇੱਕ ਇੱਕ ਮਹੀਨਾ ਪਹਿਲਾਂ ਗਾਇਨ ਕੀਤੇ ਜਾਣ ਵਾਲੇ ਰਾਗਾਂ ਦੀ ਡਟਕੇ ਤਿਆਰੀ ਕਰਦੇ ਅਤੇ ਪੂਰਾ ਤਾਣ ਲਾ ਕੇ ਗਾਉਂਦੇ। ਹਰ ਜੱਥਾ ਆਪਣੇ ਕੀਰਤਨ ਦੀ ਸਮਾਪਤੀ ਤੋਂ ਬਾਅਦ ਅਗਲੇ ਜੱਥੇ ਨੂੰ ਬੈਠ ਕੇ ਸੁਣਦਾ ਅਤੇ ਦਾਦ ਵੀ ਦਿੰਦਾ। ਇਹ ਸੀ ਉਸ ਸਮੇਂ ਦੇ ਰਾਗੀਆਂ ਦਾ ਕਿਰਦਾਰ। ਇੱਕ ਵਾਰ ਭਾਰਤ ਦੇ ਕੇਂਦਰੀ ਮੰਤਰੀ ਸਰਦਾਰ ਸਵਰਨ ਸਿੰਘ ਨੇ ਜਦੋਂ ਹਾਜ਼ਰੀ ਭਰੀ ਤਾਂ ਗਦਗਦ ਹੁੰਦਿਆਂ ਆਪਣੇ ਸੰਬੋਧਨ ਵਿੱਚ ਆਖਿਆ,'ਆਫਰੀਨ, ਇਸ ਪਿੰਡ ਨੇ ਇਸ ਕੀਰਤਨ ਦਰਬਾਰ ਰਾਹੀਂ ਇੱਕ ਦਿਨ ਜਲੰਧਰ ਵਿੱਚ ਹੁੰਦੇ ਮਹਾਨ ਹਰਿਵਲੱਭ ਸੰਗੀਤ ਸੰਮੇਲਨ ਦਾ ਰੂਪ ਧਾਰਨ ਕਰ ਲੈਣਾ ਹੈ, ਐਸਾ ਮੇਰਾ ਪੱਕਾ ਯਕੀਨ ਹੈ।' ਇਸੇ ਤਰ੍ਹਾਂ ਦੇ ਵਿਚਾਰ

ਪੰਜਾਬ ਪੁਲਿਸ ਦੇ ਰਹਿ ਚੁੱਕੇ ਮੁਖੀ ਪਦਮਸ਼੍ਰੀ ਅਸ਼ਵਨੀ ਕੁਮਾਰ ਨੇ ਵੀ ਪ੍ਰਗਟ ਕੀਤੇ।

ਕੀਰਤਨ ਦਰਬਾਰਾਂ ਦੀ ਇਹ ਲੜੀ ੧੯੭੬ ਤੋਂ ਲੈ ਕੇ ੧੯੮੧ ਤੱਕ ਨਿਰੰਤਰ ਚਲਦੀ ਰਹੀ। ਉਸ ਸਮੇਂ ਦੇ ਜਿਨ੍ਹਾਂ ਮਹਾਨਤਮ ਰਾਗੀਆਂ ਰਬਾਬੀਆਂ ਨੇ ਇਨ੍ਹਾਂ ੬ ਉੱਚ ਕੋਟੀ ਦੇ ਕਲਾਤਮਕ ਤੇ ਕਲਾਸੀਕਲ ਕੀਰਤਨ ਦਰਬਾਰਾਂ ਵਿੱਚ ਬੇਜੋੜ ਗੁਰਬਾਣੀ ਗਾਇਨ ਪੇਸ਼ ਕੀਤਾ, ਉਨ੍ਹਾਂ ਦੇ ਨਾਂ ਇਸ ਪ੍ਰਕਾਰ ਹਨ: ਪਦਮਸ਼ੀ ਸ: ਸੋਹਨ ਸਿੰਘ, ਸ਼੍ਰੋਮਣੀ ਰਾਗੀ ਭਾਈ ਬਲਬੀਰ ਸਿੰਘ, ਸ਼੍ਰੋਮਣੀ ਰਾਗੀ ਪ੍ਰੋਫੈਸਰ ਹਰਚੰਦ ਸਿੰਘ ਲੁਧਿਆਣਾ, ਮਹਾਨ ਰਬਾਬੀ ਭਾਈ ਚਾਂਦ ਦੇ ਸ਼ਾਗਿਰਦ ਭਾਈ ਬਲਵੰਤ ਸਿੰਘ ਕਲਕੱਤਾ, ਸ਼੍ਰੋਮਣੀ ਰਾਗੀ ਪ੍ਰਿੰਸੀਪਲ ਚੰਨਣ ਸਿੰਘ ਮਜਬੂਰ, ਗੁਰਦੇਵ ਸਿੰਘ ਫੁੱਲ, ਸੰਤ ਸਰਵਣ ਸਿੰਘ ਗੰਧਰਬ ਡੁਮੇਲੀ, ਸੁਜਾਨ ਕੀਰਤਨੀਏ ਭਾਈ ਅਮਰੀਕ ਸਿੰਘ, ਮਿਸਾਲੀ ਕੀਰਤਨੀਏ ਅਤੇ ਵਿਆਖਿਆਕਾਰ ਭਾਈ ਧਰਮ ਸਿੰਘ ਜ਼ਖ਼ਮੀ, ਪ੍ਰੋਫੈਸਰ ਦੀਦਾਰ ਸਿੰਘ ਨੰਗਰ ਖੁਰਦ, ਸ਼੍ਰੋਮਣੀ ਰਾਗੀ ਭਾਈ ਦਿਲਬਾਗ ਸਿੰਘ ਗੁਲਬਾਗ ਸਿੰਘ ਬੋਦਲ, ਭਾਈ ਰੇਸ਼ਮ ਸਿੰਘ ਰਸੀਲਾ, ਸ਼੍ਰੋਮਣੀ ਰਾਗੀ ਭਾਈ ਬਖਸ਼ੀਸ਼ ਸਿੰਘ ਪਟਿਆਲਾ, ਸ਼੍ਰੀ ਹਜ਼ੂਰ ਸਾਹਿਬ ਨੰਦੇੜ ਦੇ ਹੈੱਡ ਰਾਗੀ ਭਾਈ ਜੋਗਿੰਦਰ ਸਿੰਘ ਮਹਿੰਦਰ ਸਿੰਘ, ਪ੍ਰੋਫੈਸਰ ਗੀਤਾ ਦੱਤ, ਭਾਈ ਗੁਰਦੇਵ ਸਿੱਘ ਕੋਇਲ (ਭਰਾਤਾ ਮਹਾਨ ਕਵੀ ਸੰਤ ਰਾਮ ਉਦਾਸੀ), ਪ੍ਰੋਫੈਸਰ ਬੀਬੀ ਜੈਵੰਤ ਬਾਜਵਾ, ਭਾਈ ਜਸਪਾਲ ਸਿੰਘ ਇਕਬਾਲ ਸਿੰਘ, ਪ੍ਰੋਫੈਸਰ ਮਨਮੋਹਨ ਕੌਰ ਨੰਗਲ ਟਾਊਨਸ਼ਿਪ, ਭਾਈ ਚਤਰ ਸਿੰਘ ਸ਼ਾਗਿਰਦ ਸ਼੍ਰੋਮਣੀ ਰਾਗੀ ਭਾਈ ਸਮੁੰਦ ਸਿੰਘ, ਸ਼੍ਰੋਮਣੀ ਰਾਗੀ ਭਾਈ ਦੇਵਿੰਦਰ ਸਿੰਘ ਗੁਰਦਾਸਪੁਰ, ਭਾਈ ਦਇਆ ਸਿੰਘ ਹਜ਼ੂਰੀ ਰਾਗੀ ਤਖ਼ਤ ਸ੍ਰੀ ਪਟਨਾ ਸਾਹਿਬ, ਲਾਇਲਪੁਰ ਖਾਲਸਾ ਕਾਲਜ ਫਾਰ ਵੁਮੈਨ ਜਲੰਧਰ ਦਾ ਜੱਥਾ, ਪ੍ਰਿੰਸੀਪਲ ਬਲਦੇਵ ਸਿੰਘ ਅਤੇ ਸੰਤ ਬਹਾਦਰ ਸਿੰਘ ਗੁਰਮੁੱਖ ਸਿੰਘ ਜਲੰਧਰ। ਇਨ੍ਹਾਂ ਕਲਾਸੀਕਲ ਕੀਰਤਨ ਦਰਬਾਰਾਂ ਦੀ ਇੱਕ ਵੱਡੀ ਦੇਣ ਸੁਨਿਹਰੀ ਅੱਖ਼ਰਾਂ ਵਿੱਚ ਲਿਖਣ ਯੋਗ ਹੈ ਕਿ ਵਿਦਵਾਨ ਰਾਗੀਆਂ ਦੀ ਸਲਾਹ ਨਾਲ ਉਸ ਸਮੇਂ ਇਨ੍ਹਾਂ ਕੀਰਤਨ ਦਰਬਾਰਾਂ ਵਿੱਚ ਤੱਤੀ ਸਾਜ਼ਾਂ ਨਾਲ ਕੀਰਤਨ ਕੀਤਾ ਜਾਂਦਾ ਸੀ। ਭਾਈ ਚਤਰ ਸਿੰਘ, ਭਾਈ ਪਾਲ ਸਿੰਘ, ਭਾਈ ਅਮਰੀਕ ਸਿੰਘ ਜ਼ਖ਼ਮੀ ਤੇ ਪ੍ਰੋਫੈਸਰ ਅਸ਼ਵਨੀ ਕੁਮਾਰ ਵਰਗੇ ਗੁਣੀਜਨ ਸਾਜ਼ਿੱਦਿਆਂ ਦੀ ਸੰਗਤ ਨਾਲ ਇੱਕ ਅਲੌਕਿਕ ਸਮਾਂ ਸਿਰਜਿਆ ਜਾਂਦਾ। ਉਸਤਾਦ ਨਿਹਾਲ ਸਿੰਘ, ਉਸਤਾਦ ਤਰਲੋਕ ਸਿੰਘ ਅਕਾਸ਼ਵਾਣੀ ਸ਼ਿਮਲਾ ਅਤੇ ਭਾਈ ਮਹਿੰਦਰ ਸਿੰਘ ਵਰਗੇ ਮਹਾਂਰਥੀ ਤਬਲਾ ਵਾਦਕਾਂ ਨੇ ਵੀ ਸਮੇਂ ਸਮੇਂ ਹਾਜ਼ਰੀ ਭਰੀ। ਇਸ ਤਰ੍ਹਾਂ ਢਿੱਲਵਾਂ ਦੇ ਰਾਗ ਬੱਧੱ ਕੀਰਤਨ ਦਰਬਾਰਾਂ ਨੇ ਗੁਰਮਤਿ ਸੰਗੀਤ ਦੀ ਪੁਰਾਤਨ ਸ਼ੈਲੀ ਦੀ ਬਹਾਲੀ ਵਿੱਚ ਜਿੱਥੇ ਅਹਿਮ ਹਿੱਸਾ ਪਾਇਆ, ਉੱਥੇ ਅਨੇਕ ਵਿਅਕਤੀਆਂ ਨੂੰ ਕੀਰਤਨਕਾਰ ਬਣਨ ਦੀ ਪ੍ਰੇਰਨਾ ਮਿਲੀ। ਸ਼੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਦੇ ਮੌਜੂਦਾ ਨਾਮਵਰ ਹਜ਼ੂਰੀ ਰਾਗੀ ਭਾਈ ਰਵਿੰਦਰ ਸਿੰਘ ਅਕਸਰ ਆਖ਼ਦੇ ਹਨ ਕਿ ਉਨ੍ਹਾਂ ਨੂੰ ਕੀਰਤਨ ਕਰਨ ਦੀ ਚੇਟਕ ਢਿੱਲਵਾਂ ਕੀਰਤਨ ਦਰਬਾਰ ਵਿੱਚ ਹਾਜ਼ਰੀਆਂ ਭਰ ਕੇ ਹੀ ਲੱਗੀ। ਰਾਗ ਗਾਇਨ ਦੇ ਨਾਲ-ਨਾਲ ਰਾਗੀ ਜੱਥੇ ਸੁਗ਼ਮ ਸੰਗੀਤ ਸ਼ੈਲੀ ਵਿੱਚ ਵੀ ਕੀਰਤਨ ਗਾਇਨ ਕਰਦੇ ਤਾਂ ਕਿ ਆਮ ਸੰਗਤ ਵੀ ਕੀਰਤਨ ਦਾ ਅਨੰਦ ਮਾਣ ਸਕੇ। ੧੯੮੨ ਵਿੱਚ ਮੇਰੇ ਅਕਾਸ਼ਵਾਣੀ ਦਿੱਲੀ ਲਈ ਨਿਊਜ਼ ਰੀਡਰ ਚੁਣੇ ਜਾਣ ਕਾਰਨ ਦਿੱਲੀ ਜਾ ਵਸਣ ਕਰਕੇ ਇਹ ਲੜੀ ੧੯੮੨ ਵਿੱਚ ਸਮਾਪਤ ਹੋ ਗਈ, ਪਰ ਅੱਜ ਵੀ ਕੀਰਤਨ ਪ੍ਰੇਮੀਆਂ ਦੇ ਮਨਾਂ ਵਿੱਚ ਉਨ੍ਹਾਂ ਰਸ ਗੁੱਝੇ ਕੀਰਤਨ ਦਰਬਾਰਾਂ ਦੀ ਯਾਦ ਸਮਾਈ ਹੋਈ ਹੈ।

ਅੰਤਿਕਾ - ਇੱਥੇ ਇਹ ਵੀ ਜ਼ਿਕਰ ਕਰਨਾ ਬਣਦਾ ਹੈ ਕਿ ਤਕਰੀਬਨ ਇਸੇ ਸਮਾਂ ਕਾਲ ਦੌਰਾਨ ਹੀ ਆਈ. ਏ. ਐੱਸ. ਅਧਿਕਾਰੀ ਸਰਦਾਰ ਕੰਵਲਜੀਤ ਸਿੰਘ ਬੈਂਸ ਨੇ ਉੱਘੇ ਰਾਗੀ ਭਾਈ ਦਵਿੰਦਰ ਸਿੰਘ ਗੁਰਦਾਸਪੁਰੀ ਦੀ ਸਲਾਹ ਅਤੇ ਉੱਦਮ ਨਾਲ ਮਾਡਲ ਟਾਊਨ ਜਲੰਧਰ ਦੇ ਸਿੰਘ ਸਭਾ ਗੁਰਦੁਆਰੇ ਦੇ ਪਿਛਵਾੜੇ, ਗਰਾਊਂਡ ਵਿਚ ਕੀਰਤਨ ਦਰਬਾਰਾਂ ਦੀ ਲੜੀ ਸ਼ੁਰੂ ਕੀਤੀ, ਜੋ ਬੇਹੱਦ ਸਫ਼ਲ ਰਹੀ। ਭਾਈ ਸਾਹਿਬ ਦੇ ਬੇਵਕਤ ਚਲਾਣੇ ਕਾਰਨ ਉਹ ਕੀਰਤਨ ਦਰਬਾਰ ਵੀ ਬੀਤੇ ਦੀ ਗੱਲ ਹੋ ਕੇ ਰਹਿ ਗਏ ਹਨ।

# ਪ੍ਰੇਰਨਾ ਪੱਤਰ

ਜਦੋਂ ਜੂਨ ੧੯੯੯ ਨੂੰ 'ਅੰਮ੍ਰਿਤ ਕੀਰਤਨ' ਮੈਗਜ਼ੀਨ ਦੀ ਪ੍ਰਕਾਸ਼ਨਾ ਆਰੰਭ ਕੀਤੀ ਗਈ ਤਾਂ ਪਹਿਲਾਂ ਇੱਕ ਪੱਤਰ ਇਸ ਦੀ ਸੂਚਨਾ ਦੇਣ ਲਈ ਆਪਣੇ ਮਿੱਤਰ ਪਿਆਰਿਆਂ ਨੂੰ ਭੇਜਿਆ ਗਿਆ। ਇਸ ਦੇ ਉੱਤਰ ਵਜੋਂ ਪੱਤਰ ਆਉਣੇ ਸ਼ੁਰੂ ਹੋਏ ਤਾਂ ਇਹਨਾਂ ਲਈ ਮੈਗਜ਼ੀਨ ਵਿੱਚ ਇੱਕ ਵੱਖਰਾ ਪੰਨਾ ਰੱਖਿਆ ਗਿਆ। ਇਹ ਪੱਤਰ ਇਤਨੇ ਉਤਸ਼ਾਹ ਦੇਣ ਵਾਲੇ ਅਤੇ ਜਾਣਕਾਰੀ ਭਰਪੂਰ ਸਨ ਕਿ ਬਾਅਦ ਵਿੱਚ ਅਸੀਂ ਇਸ ਪੰਨੇ ਦਾ ਨਾਂ 'ਮਿਤ੍ਰ ਅਸਾਡੜੇ ਸੇਈ' ਰੱਖ ਦਿੱਤਾ।

ਇਹਨਾਂ ਦਿਨਾਂ ਵਿੱਚ ਜਦੋਂ ਜ਼ਿੰਦਗੀ ਦੀ ਰਫਤਾਰ ਕੁਝ ਸੁਸਤ ਜਾਪ ਰਹੀ ਹੈ ਤੇ ਉਤਸ਼ਾਹ ਕੁਝ ਘਟ ਗਿਆ ਜਾਪਦਾ ਹੈ ਤਾਂ ਪੁਰਾਣੇ ਮੈਗਜ਼ੀਨ ਵੇਖਣ ਲੱਗ ਪੈਂਦਾ ਹਾਂ। ਹੁਣ ਜਦੋਂ ਮੇਰੇ ਅਜੀਜ਼ ਅਰਸ਼ਦੀਪ ਸਿੰਘ ਨੇ ਅੰਮ੍ਰਿਤਕੀਰਤਨ ਵੈਬ ਸਾਈਟ ਵਧੀਆ ਬਣਾ ਦਿੱਤੀ ਹੈ ਅਤੇ ਸਾਰੇ ਅੰਕ ਵੈਬ ਸਾਈਟ ਤੇ ਅਪਲੋਡ ਕਰ ਦਿੱਤੇ ਹਨ। ਹੁਣ ਇਹ ਆਸਾਨੀ ਨਾਲ ਪੜ੍ਹੇ ਜਾ ਸਕਦੇ ਹਨ ਤਾਂ ਇਹਨਾਂ ਨੂੰ ਪੜ੍ਹਨਾ ਹੁਣ ਹੋਰ ਵੀ ਚੰਗਾ ਲਗਦਾ ਹੈ।

ਜੂਨ ੧੯੯੯ ਦਾ ਪਹਿਲਾ ਅੰਕ ਇਸ ਨੂੰ ਅਸੀਂ 'ਪ੍ਰਵੇਸ਼ ਅੰਕ' ਦਾ ਨਾਮ ਦਿੱਤਾ ਸੀ, ਇਸ ਨੂੰ ਸ਼ਿਮਲਾ ਦੇ ਗੁਰਦੁਆਰਾ ਸਾਹਿਬ ਵਿੱਚ ਪ੍ਰਿੰਸੀਪਲ ਸਤਿਬੀਰ ਸਿੰਘ ਜੀ ਨੇ ਰਿਲੀਜ਼ ਕੀਤਾ ਸੀ।

ਇਸ ਸਮੇਂ ਪੱਤਰਾਂ ਵਿੱਚੋਂ ਕੁਝ ਪੱਤਰਾਂ ਨੂੰ ਅਸੀਂ ਮੁੜ ਪ੍ਰਕਾਸ਼ਿਤ ਕਰਕੇ ਪ੍ਰੇਰਨਾਂ ਪ੍ਰਾਪਤ ਕਰਨ ਦੀ ਕੋਸ਼ਿਸ਼ ਕਰ ਰਹੇ ਹਾਂ। ਇਹਨਾਂ ਰਾਹੀਂ ਗੁਰਮਤਿ ਸੰਗੀਤ ਅਤੇ ਸਾਡੀ ਆਪਣੀ ਦਸ਼ਾ ਅਤੇ ਦਿਸ਼ਾ ਦਾ ਵਿਸ਼ਲੇਸ਼ਣ ਕਰਨ ਵਿੱਚ ਵੀ ਸਹਾਇਤਾ ਮਿਲੇਗੀ:

***ਮੈਨੂੰ ਇਹ ਜਾਣ ਕੇ ਬੜੀ ਪ੍ਰਸੰਨਤਾ ਹੋਈ ਹੈ ਕਿ 'ਅੰਮ੍ਰਿਤ ਕੀਰਤਨ ਟ੍ਰਸੱਟ', ਵੱਲੋਂ ਗੁਰਮਤਿ ਸੰਗੀਤ ਨੂੰ ਹਰਮਨ ਪਿਆਰਾ ਬਣਾਉਣ ਲਈ ਮਾਸਿਕ ਪੱਤਰ 'ਅੰਮ੍ਰਿਤ ਕੀਰਤਨ' ਆਰੰਭ ਕੀਤਾ ਜਾ ਰਿਹਾ ਹੈ। ਤੁਹਾਡੇ ਜਿਹੇ ਪ੍ਰਤਿਭਾਸ਼ਾਲੀ ਅਤੇ ਸੇਵਾ ਭਾਵ ਵਾਲੇ ਗੁਰਮੁਖ ਵਿਅਕਤੀ ਦੀ ਅਗਵਾਈ ਹੇਠ ਇਹ ਉੱਦਮ ਬਹੁਤ ਹੀ ਸ਼ਲਾਘਾਯੋਗ ਹੈ।

ਕਲਯੁਗ ਵਿੱਚ ਕੀਰਤਨ ਹੀ ਪ੍ਰਧਾਨ ਹੈ। ਸਤਿਗੁਰੂ ਜੀ ਨੇ ਵੀ 'ਭਲੋ ਭਲੋ ਰੇ ਕੀਰਤਨੀਆ' ਆਖਿਆ ਹੈ। ਗੁਰਬਾਣੀ ਦਾ ਪ੍ਰਚਾਰ ਗੁਰਮਤਿ ਸੰਗੀਤ ਪਰੰਪਰਾ ਨੂੰ ਕਾਇਮ ਰੱਖ ਕੇ ਹੀ ਕੀਤਾ ਜਾ ਸਕਦਾ ਹੈ। ਮੈਨੂੰ ਪੂਰਨ ਆਸ ਹੈ ਕਿ ਅੰਮ੍ਰਿਤ ਕੀਰਤਨੋ ਦੁਆਰਾ ਤੁਸੀਂ ਜਿੱਥੇ ਕੀਰਤਨ ਦੀ ਵਡਿਆਈ ਉਜਾਗਰ ਕਰੋਗੇ ਉੱਥੇ ਨਵੀਂ ਪੀੜ੍ਹੀ ਵਿੱਚ ਇਸ ਦਾ ਸ਼ੌਕ ਅਤੇ ਇਸ ਵਿੱਚ ਮੁਹਾਰਤ ਹਾਸਲ ਕਰਨ ਦੀ ਪ੍ਰੇਰਨਾ ਦਿਓਗੇ।------ ਡਾ. ਇੰਦਰਪਾਲ ਸਿੰਘ ਡਾਇਰੈਕਟਰ, ਪੰਜਾਬ ਸਕੂਲ ਸਿੱਖਿਆ ਬੋਰਡ, ਮੋਹਾਲੀ। **(ਜੂਨ ੧੯੯੯)**

***'ਅੰਮ੍ਰਿਤ ਕੀਰਤਨ ਟ੍ਰਸਟ' ਦੀ ਸਥਾਪਨਾ ਤੇ ਮਾਸਕ ਪੱਤਰ ਜਾਰੀ ਕਰਨ ਲਈ ਮੁਬਾਰਕਬਾਦ ਭੇਜਦਾ ਹਾਂ। ਅਕਾਲ ਪੁਰਖ ਇਸ ਉੱਦਮ ਨੂੰ ਸਫਲਤਾ ਬਖਸ਼ੇ। ਪ੍ਰਵੇਸ਼ ਅੰਕ ਦੀ ਇੱਕ ਕਾਪੀ ਪ੍ਰਾਪਤ ਹੋਈ ਹੈ। ਬਹੁਤ ਧੰਨਵਾਦ। ਪਰਚੇ ਦੇ ਉਦੇਸ਼ਾਂ ਵਿੱਚ ਬਹੁਤ ਕੁਝ ਸ਼ਾਮਲ ਕੀਤਾ ਹੈ। ਇਹ ਇਸ ਦੇ ਭਵਿੱਖ ਦੀ ਸਾਖੀ ਹੈ। ਸਮੱਗਰੀ ਚੰਗੀ ਹੋਵੇਗੀ ਤਾਂ ਸਫਲਤਾ ਯਕੀਤੀ ਹੈ। ਸਭ ਤੋਂ ਉਤਸ਼ਾਹਜਨਕ ਪੱਖ ਇਸ ਟਰਸਟ ਦੇ ਚਲਾਣ ਵਾਲੇ ਪ੍ਰੇਮੀਆਂ ਤੇ ਤੁਹਾਡੀ ਸਵਾਰਥ ਰਹਿਤ ਸੇਵਾ ਭਾਵਨਾ ਹੈ। ਇਸ ਨੂੰ ਨਿਮਰਤਾ ਤੇ ਸਖਤ ਮਿਹਨਤ ਨਾਲ ਨਿਭਾਓ।

ਗੁਰਬਾਣੀ ਕੀਰਤਨ ਉੱਪਰ ਸਿੱਖ ਪੰਥ ਦੀਆਂ ਨੀਹਾਂ ਕਾਇਮ ਹਨ। ਇਹ ਸਾਡਾ ਨਿਵੇਕਲਾ ਤੇ ਅਤਿ ਪ੍ਰਭਾਵਸ਼ਾਲੀ ਵਿਰਸਾ ਹੈ। ਸਿੱਖ ਧਰਮ ਦਾ ਮੁੱਢਲਾ ਪ੍ਰਚਾਰ ਕੀਰਤਨ ਰਾਹੀਂ ਹੋਇਆ। ਇਸ ਨੂੰ ਪੈਸੇ ਦੀ ਖਿੱਚ ਤੋਂ ਬਚਾਅ ਕੇ ਰੱਖਣ ਤੇ ਇਸ ਦੀ ਪਰੰਪਰਾ ਤੇ ਪੱਧਰ ਨੂੰ ਕਾਇਮ ਰੱਖਣ ਲਈ ਸੁਚੇਤ ਹੋਣਾ ਹੈ। ਨਾਮਧਾਰੀ ਸੰਸਥਾ ਇਸ ਸੰਬੰਧੀ ਚੌਕਸ ਹੈ। ਪ੍ਰੰਤੂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਜਿਸ ਅਧੀਨ ੬੫-੭੦ ਰਾਗੀ ਜਥੇ ਸੇਵਾ ਕਰ ਰਹੇ ਹਨ ਹਾਲਾਂ ਤੱਕ ਇੱਕ ਉੱਚ ਪੱਧਰੀ ਸੰਗੀਤ ਕਾਲਜ ਸਥਾਪਤ ਨਹੀਂ ਕਰ ਸਕੀ। ਪੰਜਾਬ ਦੇ ਸੰਗੀਤਕ ਵਿਰਸੇ ਵਿੱਚ ਵਿਸ਼ੇਸ਼ ਸਥਾਨ ਗੁਰਮਤਿ ਸੰਗੀਤ ਦਾ ਹੈ। ਪ੍ਰੰਤੂ ਯੂਨੀਵਰਸਟੀਆਂ ਵਿੱਚ ਕੱਲ ਤੱਕ ਇਸ ਦਾ ਨਾਮ ਹੀ ਨਹੀ ਸੀ। ਗੁਰੂ ਨਾਨਕ ਦੇਵ ਯੂਨੀਵਰਸਟੀ ਵਿੱਚ ਹਾਲਾਂ ਤੱਕ ਗੁਰਮਤਿ ਸੰਗੀਤ ਦਾ ਵਿਭਾਗ ਨਹੀਂ ਹੈ। ਕੀਰਤਨੋ ਚੋਂ ਤੰਤੀ ਸਾਜ਼ਾਂ ਦਾ ਅਭਾਵ ਇਸ ਦੇ ਪੱਧਰ ਨੂੰ ਡੇਗ ਰਿਹਾ ਹੈ। ਪੰਥ ਦੇ ਪੰਦਰਾਂ ਹਜ਼ਾਰ ਤੋਂ ਵੱਧ ਗੁਰਦੁਆਰਿਆਂ ਵਿੱਚ ਇੱਕ

ਹਜ਼ਾਰ ਤੋਂ ਵੱਧ ਛੋਟੇ-ਵੱਡੇ ਕੀਰਤਨੀ ਜਥੇ ਹੋਣਗੇ। ਇਹਨਾਂ ਦਾ ਬੁਨਿਆਦੀ ਪੱਧਰ ਬਨਾਣ ਲਈ ਕੋਈ ਸੰਸਥਾ ਨਹੀਂ। ਚੀਫ ਖਾਲਸਾ ਦੀਵਾਨ ਦੇ ਯਤੀਮਖਾਨਾ ਦੇ ਸੰਗੀਤ ਵਿਦਿਆਲੇ ਨੇ ਪਹਿਲੇ ਸਮੇਂ ਵਿੱਚ ਬੜੇ ਉੱਚ ਪੱਧਰ ਦੇ ਰਾਗੀ ਪੈਦਾ ਕੀਤੇ ਹਨ। ਵਰਤਮਾਨ ਬਾਰੇ ਕੋਈ ਬਹੁਤਾ ਨਹੀਂ ਕਹਿ ਸਕਦਾ।
ਤੁਹਾਡੀ ਵਿਸ਼ੇ ਸੂਚੀ ਤੇ ਤਰਤੀਬ ਸ਼ਲਾਘਾ ਯੋਗ ਹੈ। ਸਾਈਜ਼ ਸੋਹਣਾ ਹੈ ਪ੍ਰੰਤੂ ਇਸ ਨੂੰ ਬਹੁ-ਭਾਸ਼ੀ ਕਿਉਂ ਬਣਾਇਆ? ਅੰਗ੍ਰੇਜ਼ੀ ਆਰਟੀਕਲ ਵਿਦਵਤਾ ਤੇ ਖੋਜ਼ ਦੀ ਝਲਕ ਦਿੰਦਾ ਹੈ। ਰਾਗੀਆਂ ਬਾਰੇ ਤੁਸੀਂ ਬੜੀ ਵਿਸਥਾਰ ਪੂਰਬਕ ਜਾਣਕਾਰੀ ਮੰਗੀ ਹੈ। ਆਪ ਕੇਵਲ ਉਹਨਾਂ ਪ੍ਰਸਿੱਧ ਗੁਰਮੁਖ ਰਾਗੀਆਂ ਨੂੰ ਪਾਠਕਾਂ ਦੇ ਪੇਸ਼ ਕਰੋ ਜਿਹਨਾਂ ਪਾਸ ਉੱਚ ਪੱਧਰੀ ਸੰਗੀਤਕ ਯੋਗਤਾ ਤੇ ਭਰਪੂਰ ਗੁਰ ਸਿੱਖੀ ਜੀਵਨ ਹੈ। ਇਸ ਪ੍ਰਾਪਤ ਜਾਣਕਾਰੀ ਨੂੰ ਰਾਗੀਆਂ ਦੀ ਡਾਇਰੈਕਟਰੀ ਬਨਾਣ ਲਈ ਵਰਤੋ।-----ਟ੍ਰਸਟ ਦੀ ਸਹਾਇਤਾ ਦਾ ਯਤਨ ਕਰਾਂਗਾ।-----ਜੋਧ ਸਿੰਘ ਜਲੰਧਰ **(ਜੁਲਾਈ ੧੯੮੯)**

***ਆਪ ਦੀ ਨਿਗਰਾਨੀ ਹੇਠ 'ਅੰਮ੍ਰਿਤ ਕੀਰਤਨ' ਮਾਸਿਕ ਪੱਤਰ ਦਾ ਨਿਰਮਾਣ ਹੋ ਰਿਹਾ ਹੈ।ਗੁਰਮਤਿ ਸੰਗੀਤ ਜਗਤ ਵਿੱਚ ਇਸ ਦੀ ਆਵੱਸ਼ਕਤਾ ਸੀ। ਇਸ ਕਾਰਜ ਸਿੱਧੀ ਲਈ ਮੈਂ ਆਪ ਜੀ ਨੂੰ ਹਾਰਦਿਕ ਸਹਿਯੋਗ, ਸ਼ੁੱਭ ਇਛਾਵਾਂ ਅਤੇ ਵਧਾਈਆਂ ਭੇਜਣ ਦਾ ਉੱਤਮ ਅਵਸਰ ਪਾਪਤ ਕਰਦੀ ਹਾਂ।-----ਬਲਜੀਤ ਕੌਰ ਤੁਲਸੀ, ਚੰਡੀਗੜ੍ਹ **(ਜੁਲਾਈ ੧੯੮੯)**

***ਮੈਨੂੰ ਇਹ ਜਾਣਕੇ ਹਾਰਦਿਕ ਖੁਸ਼ੀ ਹੋਈ ਹੈ ਕਿ ਅੰਮ੍ਰਿਤ ਕੀਰਤਨ ਟ੍ਰਸਟ ਵੱਲੋਂ 'ਅੰਮ੍ਰਿਤ ਕੀਰਤਨ' ਦੇ ਨਾਮ ਹੇਠ ਇੱਕ ਮਾਸਿਕ ਪੱਤਰ ਆਰੰਭ ਕੀਤਾ ਜਾ ਰਿਹਾ ਹੈ, ਜਿਸ ਵਿੱਚ ਸੰਗਤਾਂ ਦੀ ਜਾਣਕਾਰੀ ਲਈ ਗੁਰਮਤਿ ਸੰਗੀਤ ਪਰੰਪਰਾ, ਸੰਗੀਤਕਾਰਾਂ, ਰਾਗਾਂ ਤੇ ਸਾਜ਼ਾਂ ਬਾਰੇ ਜਾਣਕਾਰੀ ਅਤੇ ਸੰਗੀਤ ਸਿੱਖਿਆ ਬਾਰੇ ਭਰਪੂਰ ਵਾਕਫੀਅਤ ਦਰਜ ਹੋਵੇਗੀ। ਗੁਰੂ ਸਾਹਿਬ ਦਾ ਫੁਰਮਾਨ ਹੈ 'ਕਲਜੁਗ ਮਹਿ ਕੀਰਤਨ ਪ੍ਰਧਾਨਾ'। ਇਸ ਮਹਾਂਵਾਕ ਅਨੁਸਾਰ 'ਅੰਮ੍ਰਿਤ ਕੀਰਤਨ' ਪਰਚਾ ਸਿੱਖ ਧਰਮ ਦੇ ਪ੍ਰਚਾਰ ਲਈ ਵਡਮੁੱਲਾ ਯੋਗਦਾਨ ਪਾਵੇਗਾ ਅਤੇ ਆਪ ਜੈਸੇ ਗੁਰੂ ਘਰ ਦੇ ਪ੍ਰੇਮੀ ਸੱਜਣਾਂ ਲਈ ਸ਼ਲਾਘਾ ਦਾ ਕਾਰਨ ਬਣੇਗਾ।ਅੱਜ ਕੱਲ੍ਹ ਦੇ ਸਮੇਂ ਵਿੱਚ ਰਾਗ ਵਿੱਦਿਆ, ਗੁਰਬਾਣੀ ਸੰਗੀਤ ਅਤੇ ਗੁਰਬਾਣੀ ਗਾਇਨ ਵੱਲ ਸੰਗਤਾਂ ਦਾ ਉਚੇਚਾ ਧਿਆਨ ਦਿਵਾਉਣਾ ਨਿਹਾਇਤ ਜ਼ਰੂਰੀ ਹੈ ਅਤੇ ਮੈਂ ਸਮਝਦਾ ਹਾਂ ਕਿ ਇਹ ਸਿੱਖ ਪੰਥ ਦੀ ਸਭ ਤੋਂ ਵੱਡੀ ਸੇਵਾ ਸਾਬਤ ਹੋਵੇਗੀ। ਸਤਿਗੁਰੂ ਪਾਸ ਅਰਦਾਸ ਹੈ ਕਿ ਆਪ ਦੇ ਯਤਨਾਂ ਨਾਲ ਆਰੰਭ ਕੀਤਾ ਜਾ ਰਿਹਾ ਇਹ ਪਰਚਾ ਸਿੱਖ ਜਗਤ ਵਿੱਚ ਮੀਲ ਪੱਥਰ ਸਾਬਤ ਹੋਵੇ ਅਤੇ ਆਪ ਨੂੰ ਇਸੇ ਤਰ੍ਹਾਂ ਸਿੱਖ ਪੰਥ ਦੀ ਸੇਵਾ ਕਰਨ ਦਾ ਬਲ ਬਖਸ਼ਣ।------ਮਨਜੀਤ ਸਿੰਘ ਕਲਕਤਾ, ਸ੍ਰੀ ਅੰਮ੍ਰਿਤਸਰ ਸਾਹਿਬ **(ਜੁਲਾਈ ੧੯੮੯)**

***'ਅੰਮ੍ਰਿਤ ਕੀਰਤਨ' ਪ੍ਰਾਪਤ ਹੋਇਆ, ਪਰਚੇ ਨੂੰ ਵਾਚ ਕੇ ਬੜਾ ਅਨੰਦ ਆਇਆ। ਆਪ ਦੀ ਮਿਹਨਤ ਅਤੇ ਲਗਨ ਦੀ ਦਾਦ ਦੇਣੀ ਬਣਦੀ ਹੈ। ਅੱਜ ਕਲ੍ਹ ਕੱਲੇ ਕਾਰੇ ਆਪਣੇ ਸਿਰ ਤੇ ਕੋਈ ਮੈਗਜ਼ੀਨ ਕਢਣੀ ਸੂਚਾਂ ਦੀ ਸੇਜ਼ ਹੈ। ਪਰ ਤੁਸੀਂ ਬੜੇ ਸਿਰੜੀ ਪੁਰਸ਼ ਹੋ। ਤੁਹਾਨੂੰ ਮੈਗਜ਼ੀਨ ਲਈ ਵਧਾਈ ਦੇਂਦਾ ਹੋਇਆ ਇਸ ਦੀ ਸਫਲਤਾ ਲਈ ਕਾਮਨਾ ਕਰਦਾ ਹਾਂ।

ਪਰਚੇ ਵਿੱਚ ਛਪੇ ਲੇਖਕਾਂ ਬਾਰੇ ਜਾਣਕਾਰੀ ਦਿੱਤੀ ਜਾਇਆ ਕਰੇ। ਇੱਕ ਹੋਰ ਪਰੰਪਰਾ ਚਾਲੂ ਕਰੋ ਜੋ ਪਿਛਲੀ ਪੀੜ੍ਹੀ ਦੇ ਰਾਗੀਆਂ ਵਿੱਚ ਸੀ ਤੇ ਅੱਜ ਕਲ੍ਹ ਬਿਲਕੁਲ ਅਲੋਪ ਹੁੰਦੀ ਜਾ ਰਹੀ ਹੈ। ਉਹ ਇਹ ਕਿ ਸਿਖ ਰਾਗੀ ਜਨ, ਕਮਰਸ਼ੀਅਲ ਨਾ ਬਣ ਜਾਣ। ਜਦੋਂ ਕਿਧਰੋਂ ਬੁਲਾਵਾ ਹੈ, ਉਹ ਆਪਣੀ ਭੇਟਾ ਬਾਰੇ ਬੋਲੀ ਦੇਣ ਵਾਲਿਆਂ ਬੰਦਿਆਂ ਵਾਂਗ ਨਾ ਬਣ ਜਾਣ ਸਗੋਂ ਜੋ ਪ੍ਰਾਪਤ ਹੋ ਜਾਏ, ਉਹ ਗੁਰੂ ਦੀ ਦੇਣ ਸਮਝਣ, ਕਾਰੋਬਾਰੀ ਸੰਸਥਾਵਾਂ ਹੋਰ ਬੜੀਆਂ ਹਨ।ਰਾਗੀ ਕੀਰਤਨੀਏ ਸੰਗੀਤਕਾਰ ਤੇ ਕਵੀ ਲੋਕ ਆਪਣੇ ਆਪ ਨੂੰ ਪੇਸ਼ਾਵਰਾਂ ਤੋਂ ਉਪਰ ਸਮਝਣ। ਫੇਰ ਵੇਖੋ ਗੁਰੂ ਦੀ ਕਿਰਪਾ ਨਾਲ ਮਾਇਆ ਵੱਲੋਂ ਕਿਵੇਂ ਲਹਿਰ ਬਹਿਰ ਹੋ ਜਾਂਦੀ ਹੈ। ਮਾਇਆ ਨਾਗਣੀ ਦੇ ਪਿੱਛੇ ਨੱਠ ਤਾਂ ਇਹ ਕੱਟ ਕੇ ਖਾ ਜਾਂਦੀ ਹੈ, ਉਸ ਤੋਂ ਅੱਗੇ ਅੱਗੇ ਰਹੋ ਤਾਂ ਗੁਰੂ ਦੀ ਗੋਲਕ ਵਾਂਗ ਹਰ ਕਲਾਕਾਰ ਦੀਆਂ ਝੋਲੀਆਂ ਭਰ ਜਾਂਦੀਆਂ ਹਨ। ਇਹ ਮੇਰਾ ਆਪਣਾ ਤਜਰਬਾ ਹੈ।------ਪਿਆਰਾ ਸਿੰਘ ਦਾਤਾ, ਦਿੱਲੀ **(ਅਗਸਤ ੧੯੮੯)**

## ਦਿੱਲੀ ਕਮੇਟੀ ਸ਼ਲਾਘਾਯੋਗ ਉਪਰਾਲਾ

# ਡਾ. ਗੁਰਨਾਮ ਸਿੰਘ ਜੀ 'ਸ਼੍ਰੋਮਣੀ ਕੀਰਤਨੀਆ ਐਵਾਰਡ' ਨਾਲ ਸਨਮਾਨਿਤ

ਡਾ. ਗੁਰਦੇਵ ਸਿੰਘ

ਪ੍ਰਸਿੱਧ ਗੁਰਮਤਿ ਸੰਗੀਤ ਵਿਦਵਾਨ, ਕੀਰਤਨੀਏ, ਸ਼੍ਰੋਮਣੀ ਰਾਗੀ ਡਾ. ਗੁਰਨਾਮ ਸਿੰਘ ਨੂੰ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਮਿਤੀ ੭ ਅਗਸਤ ੨੦੨੬ ਨੂੰ 'ਸ਼੍ਰੋਮਣੀ ਕੀਰਤਨੀਏ ਐਵਾਰਡ' ਨਾਲ ਸਨਮਾਨਿਤ ਕੀਤਾ ਗਿਆ।ਆਪ ਗੁਰਮਤਿ ਸੰਗੀਤ ਦੀ ਰਾਗ ਆਧਾਰਿਤ ਪਰੰਪਰਾ ਨੂੰ ਸੰਭਾਲਣ, ਇਸ ਦੀ ਖੋਜ ਅਤੇ ਸਿੱਖਿਆ ਨੂੰ ਅਕਾਦਮਿਕ ਪੱਧਰ 'ਤੇ ਸਥਾਪਿਤ ਕਰਨ ਅਤੇ ਸ਼ਬਦ ਕੀਰਤਨ ਰਾਹੀਂ ਇਸ ਨੂੰ ਵਿਸ਼ਵ ਪੱਧਰ 'ਤੇ ਪਹੁੰਚਾਉਣ ਲਈ ਲਗਭਗ ਸਾਢੇ ਚਾਰ ਦਹਾਕਿਆਂ ਤੋਂ ਨਿਰੰਤਰ ਕਾਰਜ ਕਰ ਰਹੇ ਹਨ। ਗੁਰਦੁਆਰਾ ਸ੍ਰੀ ਰਕਾਬਗੰਜ ਸਾਹਿਬ ਦਿੱਲੀ ਵਿਖੇ ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਦੇ ਪ੍ਰਕਾਸ਼ ਪੁਰਬ ਨੂੰ ਸਮਰਪਿਤ ਸਮਾਗਮ ਦੌਰਾਨ ਦਿੱਤੇ ਗਏ ਇਸ ਸਨਮਾਨ ਸਮੇਂ ਡਾ. ਸਾਹਿਬ ਨੂੰ ਸਿਰੋਪਾਓ, ਐਵਾਰਡ **੧੧** ਲੱਖ ਰੁਪਏ ਦੀ ਰਾਸ਼ੀ ਪ੍ਰਦਾਨ ਕੀਤੀ ਗਈ। ਦਿੱਲੀ ਕਮਟੀ ਦਾ ਇਹ ਬਹੁਤ ਵੱਡਾ ਤੇ ਸ਼ਲਾਘਾਯੋਗ ਉਪਰਾਲਾ ਹੈ।

ਇਸ ਖਾਸ਼ ਮੌਕੇ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਹਰਮੀਤ ਸਿੰਘ ਕਾਲਕਾ, ਜਨਰਲ ਸਕੱਤਰ ਜਗਦੀਪ ਸਿੰਘ ਕਾਹਲੋਂ, ਧਰਮ ਪ੍ਰਚਾਰ ਕਮੇਟੀ ਦੇ ਚੇਅਰਮੈਨ ਜਸਪ੍ਰੀਤ ਸਿੰਘ ਕਰਮਸਰ, ਸਿੰਘ ਸਾਹਿਬ ਗਿਆਨੀ ਰਣਜੀਤ ਸਿੰਘ, ਹਜ਼ੂਰੀ ਰਾਗੀ ਭਾਈ ਰਵਿੰਦਰ ਸਿੰਘ ਅਤੇ ਹੋਰ ਪ੍ਰਮੁੱਖ ਪੰਥਕ ਸ਼ਖ਼ਸੀਅਤਾਂ ਮੌਜੂਦ ਸਨ। ਦਿੱਲੀ ਕਮੇਟੀ ਦੇ ਪ੍ਰਧਾਨ ਹਰਮੀਤ ਸਿੰਘ ਕਾਲਕਾ ਨੇ ਆਪਣੇ ਸੰਬੋਧਨ ਵਿੱਚ ਕਿਹਾ ਕਿ ਇਹ ਐਵਾਰਡ ਸਿਰਫ਼ ਡਾ. ਗੁਰਨਾਮ ਸਿੰਘ ਦੀ ਵਿਅਕਤੀਗਤ ਪ੍ਰਾਪਤੀ ਦਾ ਸਨਮਾਨ ਨਹੀਂ, ਬਲਕਿ ਗੁਰੂ ਸਾਹਿਬਾਨ ਵੱਲੋਂ ਬਖ਼ਸ਼ੀ ਗਈ ਰਾਗ-ਆਧਾਰਿਤ ਕੀਰਤਨ ਪਰੰਪਰਾ ਦਾ ਸਨਮਾਨ ਹੈ। ਇਹ ਸਨਮਾਨ ਉਨ੍ਹਾਂ ਕੀਰਤਨੀਆਂ ਦੀਆਂ ਜੀਵਨ ਭਰ ਦੀਆਂ ਸੇਵਾਵਾਂ ਦੀ ਕਦਰ ਹੈ, ਜਿਨ੍ਹਾਂ ਨੇ ਗੁਰੂ ਸਾਹਿਬਾਨ ਵੱਲੋਂ ਬਖ਼ਸ਼ੀ ਕੀਰਤਨ ਸ਼ੈਲੀ ਨੂੰ ਸੰਭਾਲ ਕੇ ਰੱਖਣ ਲਈ ਆਪਣਾ ਜੀਵਨ ਸਮਰਪਿਤ ਕੀਤਾ ਹੈ। ਉਨ੍ਹਾਂ ਨੇ ਜਾਣਕਾਰੀ ਦਿੱਤੀ ਕਿ ਕਮੇਟੀ ਵੱਲੋਂ ਇਸ ਮੰਤਵ ਲਈ **੧੧** ਮੈਂਬਰੀ ਪੈਨਲ ਬਣਾਇਆ ਗਿਆ ਹੈ, ਜੋ ਯੋਗ ਕੀਰਤਨੀਆਂ ਦੀ ਚੋਣ ਕਰਦਾ ਹੈ।

ਜਨਰਲ ਸਕੱਤਰ ਜਗਦੀਪ ਸਿੰਘ ਕਾਹਲੋਂ ਨੇ ਵੀ ਡਾ. ਗੁਰਨਾਮ ਸਿੰਘ ਨੂੰ ਵਧਾਈ ਦਿੰਦਿਆਂ ਕਿਹਾ ਕਿ ਡਾ. ਗੁਰਨਾਮ ਸਿੰਘ ਦੀ ਸੇਵਾ ਨਵੀਂ ਪੀੜ੍ਹੀ ਦੇ ਕੀਰਤਨੀਆਂ ਲਈ ਪ੍ਰੇਰਨਾ ਹੈ। ਉਨ੍ਹਾਂ ਕਿਹਾ ਕਿ ਅਜੋਕੇ ਸਮੇਂ ਵਿੱਚ ਗੁਰੂ ਸਾਹਿਬਾਨ ਵੱਲੋਂ ਸਥਾਪਿਤ ਰਾਗਾਤਮਕ ਕੀਰਤਨ ਸ਼ੈਲੀ ਨੂੰ ਸੰਭਾਲਣ ਵਾਲੀਆਂ ਸ਼ਖ਼ਸੀਅਤਾਂ ਦਾ ਸਨਮਾਨ



ਕਰਨਾ ਸਮੇਂ ਦੀ ਲੋੜ ਹੈ।

ਧਰਮ ਪ੍ਰਚਾਰ ਕਮੇਟੀ ਦੇ ਚੇਅਰਮੈਨ ਜਸਪ੍ਰੀਤ ਸਿੰਘ ਕਰਮਸਰ ਨੇ 'ਸ਼੍ਰੋਮਣੀ ਕੀਰਤਨੀਆ ਐਵਾਰਡ' ਨੂੰ ਸਿੱਖ ਕੌਮ ਲਈ ਬੇਹੱਦ ਮਾਣ ਅਤੇ ਮਹੱਤਤਾ ਵਾਲਾ ਸਨਮਾਨ ਦੱਸਦਿਆਂ ਕਿਹਾ ਕਿ " 'ਸ਼੍ਰੋਮਣੀ ਕੀਰਤਨੀਆ ਐਵਾਰਡ' ਸਿੱਖ ਕੌਮ ਲਈ ਧਰਤੀ 'ਤੇ ਦਿੱਤੇ ਜਾਣ ਵਾਲੇ ਸਭ ਤੋਂ ਵੱਡੇ ਸਨਮਾਨਾਂ ਵਿੱਚੋਂ ਇੱਕ ਹੈ।" ਅੱਗੇ ਉਨ੍ਹਾਂ ਕਿਹਾ ਕਿ ਇਸ ਸਨਮਾਨ ਰਾਹੀਂ ਉਨ੍ਹਾਂ ਸ਼ਖ਼ਸੀਅਤਾਂ ਦੀ ਸੇਵਾ ਨੂੰ ਮਾਨਤਾ ਮਿਲਦੀ ਹੈ, ਜਿਨ੍ਹਾਂ ਨੇ ਆਪਣਾ ਪੂਰਾ ਜੀਵਨ ਗੁਰੂ ਸਾਹਿਬਾਨ ਵੱਲੋਂ ਬਖ਼ਸ਼ੀ ਕੀਰਤਨ ਪਰੰਪਰਾ ਨੂੰ ਸਮਰਪਿਤ ਕੀਤਾ ਹੈ। ਸੰਗਤ ਨੂੰ ਸੰਬੋਧਨ ਕਰਦਿਆਂ ਉਨ੍ਹਾਂ ਕਿਹਾ ਕਿ ਡਾ. ਗੁਰਨਾਮ ਸਿੰਘ ਜੀ ਨੂੰ ਇਹ ਸਨਮਾਨ ਮਿਲਣਾ ਗੁਰਮਤਿ ਸੰਗੀਤ ਦੇ ਖੇਤਰ ਵਿੱਚ ਉਨ੍ਹਾਂ ਦੀ ਲੰਬੀ ਸਾਧਨਾ, ਵਿਦਵਤਾ ਅਤੇ ਕੀਰਤਨ ਸੇਵਾ ਦੀ ਵੱਡੀ ਪ੍ਰਵਾਨਗੀ ਹੈ।

ਇਹ ਸਨਮਾਨ ਡਾ. ਗੁਰਨਾਮ ਸਿੰਘ ਜੀ ਦੀਆਂ ਸੇਵਾਵਾਂ ਨੂੰ ਮਿਲੀ ਪੰਥਕ ਮਾਨਤਾ ਦੇ ਨਾਲ-ਨਾਲ ਗੁਰਮਤਿ ਸੰਗੀਤ ਦੀ ਅਮੀਰ ਵਿਰਾਸਤ ਪ੍ਰਤੀ ਸਮੁੱਚੇ ਸਮਾਜ ਦੀ ਜ਼ਿੰਮੇਵਾਰੀ ਨੂੰ ਵੀ ਉਜਾਗਰ ਕਰਦਾ ਹੈ। ਡਾ. ਗੁਰਨਾਮ ਸਿੰਘ ਜੀ ਦੇ ਕਾਰਜ ਨੇ ਪਰੰਪਰਾਗਤ ਗਿਆਨ ਅਤੇ ਆਧੁਨਿਕ ਅਕਾਦਮਿਕ ਦ੍ਰਿਸ਼ਟੀ ਵਿਚਕਾਰ ਇੱਕ ਸਾਰਥਕ ਸੰਵਾਦ ਸਿਰਜਿਆ ਹੈ। ਦੇਸ਼-ਵਿਦੇਸ਼ ਦੇ ਵਿਦਵਾਨਾਂ, ਲੇਖਕਾਂ ਅਤੇ ਕੀਰਤਨੀਆਂ ਵੱਲੋਂ ਉਨ੍ਹਾਂ ਦੀਆਂ ਸੇਵਾਵਾਂ ਦੀ ਪ੍ਰਸ਼ੰਸਾ ਇਸ ਗੱਲ ਦਾ ਪ੍ਰਮਾਣ ਹੈ ਕਿ ਉਨ੍ਹਾਂ ਦਾ ਯੋਗਦਾਨ ਵਿਸ਼ਾਲ ਪੱਧਰ 'ਤੇ ਪ੍ਰਵਾਨਿਤ ਹੈ। ਨਿਰਸੰਦੇਹ ਡਾ. ਗੁਰਨਾਮ ਸਿੰਘ ਜੀ ਨੂੰ ਮਿਲਿਆ ਇਹ ਸਨਮਾਨ ਗੁਰਮਤਿ ਸੰਗੀਤ ਦੀ ਵਿਰਾਸਤ ਨੂੰ ਅਗਲੀ ਪੀੜ੍ਹੀ ਤੱਕ ਹੋਰ ਮਜ਼ਬੂਤੀ ਨਾਲ ਪਹੁੰਚਾਉਣ ਦੀ ਪ੍ਰੇਰਨਾ ਵੀ ਬਣੇਗਾ।

**ਜਨਰਲ ਸਕੱਤਰ**,
ਗੁਰਮਤਿ ਸੰਗੀਤ ਫਾਊਂਡੇਸ਼ਨ ਪਟਿਆਲਾ
gurdevsinghdr@gmail.com, 9417156404

ਜਿਥੇ ਡਾ. ਗੁਰਨਾਮ ਸਿੰਘ ਜੀ ਨੂੰ ਸ਼੍ਰੋਮਣੀ ਰਾਗੀ ਅਵਾਰਡ ਨਾਲ ਨਿਵਾਜਿਆ ਗਿਆ, ਉਥੇ ਹੀ ਭਾਈ ਸਾਹਿਬ ਭਾਈ ਸਵਰਨ ਸਿੰਘ ਜੀ ਨੂੰ ਲਾਈਫ-ਟਾਈਮ ਅਚੀਵਮੈਂਟ ਅਵਾਰਡ ਨਾਲ ਨਿਵਾਜਿਆ ਗਿਆ ਅਤੇ ਸਵਾ ਲੱਖ ਦੀ ਦਰਸ਼ਨੀ ਭੇਟਾਂ ਸਨਮਾਨ ਵਜੋਂ ਦਿੱਤੀ ਗਈ।




ਭਾਈ ਸਵਰਨ ਸਿੰਘ ਜੀ 'ਅੰਮ੍ਰਿਤਸਰੀ ਬਾਜ' ਦੇ ਪੁਰਾਤਨ ਜੋੜੀ ਵਾਦਕਾਂ ਵਿਚੋਂ ਇੱਕ ਹਨ। ਆਪ ਜੀ ਨੇ ਸਭ ਤੋਂ ਪਹਿਲਾਂ ਭਾਈ ਸਾਹਿਬ ਭਾਈ ਜਵਾਲਾ ਸਿੰਘ ਜੀ ਠੱਠੇ ਟਿੱਬੇ ਵਾਲਿਆਂ ਨਾਲ ਜੋੜੀ ਤੇ ਸੇਵਾ ਕੀਤੀ, ਫੇਰ ਭਾਈ ਸਾਹਿਬ ਭਾਈ ਗੁਰਚਰਨ ਸਿੰਘ ਜੀ ਅਤੇ ਭਾਈ ਅਵਤਾਰ ਸਿੰਘ ਜੀ ਨਾਲ, ਅਤੇ ਹੁਣ ਆਪ ਜੀ ਮਹਾਰਾਜ ਦੀ ਕਿਰਪਾ ਸਦਕਾ ਭਾਈ ਸਾਹਿਬ ਭਾਈ ਕੁਲਤਾਰ ਸਿੰਘ ਜੀ ਨਾਲ ਜੋੜੀ ਤੇ ਸੇਵਾ ਨਿਭਾ ਰਹੇ ਹੋਂ। ਮਹਾਰਾਜ ਅੱਗੇ ਅਰਦਾਸ ਹੈ ਕਿ ਮਹਾਰਾਜ ਆਪ ਜੀ ਤੋਂ ਇਸੇ ਤਰ੍ਹਾਂ ਸੇਵਾ ਲੈਂਦੇ ਰਹਿਣ।

ਭਲੋ ਭਲੋ ਰੇ ਕੀਰਤਨੀਆ ॥ ਰਾਮ ਰਮਾ ਰਾਮਾ ਗੁਨ ਗਾਉ ॥
ਛੋਡਿ ਮਾਇਆ ਕੇ ਧੰਧ ਸੁਆਉ ॥

ਕੀਰਤਨੀਆਂ ਦੀ ਨਵੀਂ ਪੀੜ੍ਹੀ

# Laxmi Kaur

**A CHILDHOOD IN SUR**




Laxmi Kaur was born into music. Long before she could speak in full sentences, she was shaped by lullabies, the solfa of Sa Re Ga Ma, and the ever-present sound of instruments at home. By two and a half, she was already finding her own way through them — coaxing melodies from the harmonium, keeping time on the tabla, and singing ragas in an innocent, stammering voice that hinted at the artist to come. That early curiosity soon matured into disciplined practice, earning her recognition in singing and instrumental competitions throughout her school and college years.

**GURU-SHISHYA PARAMPARA**

Laxmi has been learning from her following teachers:




**Ustad Baljit Singh**
Gurbani Raga Vocalist & Tar-Shehnai Maestro
her father and first guru — learning from him since the age of two



**Pt. Ulhas Kashalkar**
Padma Shri, Hindustani Classical Vocalist
Learning Hindustani classical vocal from him since 2019



**Dr. N. Rajam**
Padma Vibhushan, Hindustani Violin Maestro
Learning Dilruba from her since 2018



**Shri Nishant Gupta (Kathak Exponent)**
Learning Kathak from him since 2016

**ON STAGE, ACROSS BORDERS**

Laxmi has carried her artistry far beyond home, performing for audiences across several countries and winning admiration for her soulful singing, graceful Kathak, and her rare, accomplished command of the Dilruba. Each performance brings together voice, string, and movement — a presentation of Hindustani classical and Gurbani music in its fullest,

most immersive form.

- ❖ Solo and ensemble performances in Hindustani classical vocal, Dilruba, and Kathak
- ❖ Featured at cultural festivals, concert platforms, and gurdwaras internationally
- ❖ Known for a rare combination of voice, string, and dance within a single presentation

DUBAI ❖ USA ❖ CANADA ❖ UK ❖ MALAYSIA

**FOUNDER — BELIEVEYOUCAN**

Beyond her own artistic journey, Laxmi is the founder of Believe You Can — built on the belief that art has the power to heal, uplift, and transform. Through it, she works to make music and movement accessible to those who need it most, using performance, mentorship, and community outreach as instruments of service rather than self-expression alone.

- ❖ Mentoring young and underprivileged students in music and dance
- ❖ Organising community performances and outreach initiatives
- ❖ Championing the belief that talent, nurtured with faith, can change lives

**PASSING IT FORWARD**

Alongside her own performances, Laxmi teaches Dilruba at Sharangadev, treating every lesson, whether on stage or through the foundation, as an extension of her own riyaz.

Dr. Sangeeta Shankar established the Sharangadev School of Music and Culture, under the mentorship of the legendary musician and violinist, Padma Vibhushan Dr. N. Rajam.

"With the blessings of her gurus and the unwavering support of her parents, Laxmi continues her daily practice, believing that true music blossoms only when offered in remembrance of the Divine."

(ਕੀਰਤਨੀਆਂ ਦੀ ਨਵੀਂ ਪੀੜ੍ਹੀ – ਭਾਗ ੧)

**e-mail: laxmikaurzofficial@gmail.com**

# ਰਾਗ ਮਾਝ

ਮਾਝੇ ਦੀ ਧੁਨ ਤੋਂ ਵਿਕਸਿਤ ਹੋਇਆ ਰਾਗ ਮਾਝ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦੂੱਜੇ ਸਥਾਨ ਓੱਤੇ ਵਿਰਾਜਮਾਨ ਹੈ। ਇਹ ਇਕ ਅਪ੍ਰਚਲਿਤ ਰਾਗ ਹੈ।

**ਵਾਦੀ-ਸੰਵਾਦੀ:** ਰਿਸ਼ਭ-ਪੰਚਮ
**ਠਾਠ:** ਖਮਾਜ
**ਸਮਾਂ:** ਰਾਤ ਦਾ ਪਹਿਲਾ ਪਹਿਰ
**ਜਾਤੀ:** ਔੜਵ-ਸੰਪੂਰਨ

**ਆਰੋਹ:** ਸ ਰ, ਮ ਪ, ਨ ਸਂ
**ਅਵਰੋਹ:** ਸਂ ਨੁ ਧ ਪ, ਧ ਮ ਗ ਮ, ਰ ਪ ਗੁ ਰ, ਗੁ ਸ ਰ ਨ਼ ਸ
**ਮੁਖ ਅੰਗ:** ਪ, ਧ ਮ ਗ ਮ ਰ ਪ, ਮ ਗੁ ਰ, ਗੁ ਸ ਰ ਨ਼ ਸ

**ਮਾਝ ਮਹਲਾ ੫ ॥**

ਸੋਈ ਕਰਣਾ ਜਿ ਆਪਿ ਕਰਾਏ ॥ ਜਿਥੈ ਰਖੈ ਸਾ ਭਲੀ ਜਾਏ ॥
ਸੋਈ ਸਿਆਣਾ ਸੋ ਪਤਿਵੰਤਾ ਹੁਕਮੁ ਲਗੈ ਜਿਸੁ ਮੀਠਾ ਜੀਉ ॥੧॥
ਸਭ ਪਰੋਈ ਇਕਤੁ ਧਾਗੈ ॥ ਜਿਸੁ ਲਾਇ ਲਏ ਸੋ ਚਰਣੀ ਲਾਗੈ ॥
ਊਂਧ ਕਵਲੁ ਜਿਸੁ ਹੋਇ ਪ੍ਰਗਾਸਾ ਤਿਨਿ ਸਰਬ ਨਿਰੰਜਨੁ ਡੀਠਾ ਜੀਉ ॥੨॥
ਤੇਰੀ ਮਹਿਮਾ ਤੂੰਹੈ ਜਾਣਹਿ ॥ ਅਪਣਾ ਆਪੁ ਤੂੰ ਆਪਿ ਪਛਾਣਹਿ ॥
ਹਉ ਬਲਿਹਾਰੀ ਸੰਤਨ ਤੇਰੇ ਜਿਨਿ ਕਾਮੁ ਕ੍ਰੋਧੁ ਲੋਭੁ ਪੀਠਾ ਜੀਉ ॥੩॥
ਤੂੰ ਨਿਰਵੈਰੁ ਸੰਤ ਤੇਰੇ ਨਿਰਮਲ ॥ ਜਿਨ ਦੇਖੇ ਸਭ ਉਤਰਹਿ ਕਲਮਲ ॥
ਨਾਨਕ ਨਾਮੁ ਧਿਆਇ ਧਿਆਇ ਜੀਵੈ ਬਿਨਸਿਆ ਭ੍ਰਮੁ ਭਉ ਧੀਠਾ ਜੀਉ ॥੪॥੪੨॥੪੯॥

People do whatever the Lord inspires them to do. Wherever He keeps us is a good place. That person is clever and honourable, unto whom the Hukam of the Lord's Command seems sweet.
Everything is strung upon the One String of the Lord. Those whom the Lord attaches, are attached to His Feet. Those, whose inverted lotus of the crown chakra is illuminated, see the Immaculate Lord everywhere.
Only You Yourself know Your Glory. You Yourself recognize Your Own Self. I am a sacrifice to Your Saints, who have crushed their sexual desire, anger and greed.
You have no hatred or vengeance; Your Saints are immaculate and pure. Seeing them, all sins depart. Nanak lives by meditating, meditating on the Naam. His stubborn doubt and fear have departed.

# ਰਾਗ ਮਾਝ – ਤਾਲ ਅਸ਼ਟਮ ਸਵਾਰੀ

ਪ੍ਰੋ. ਗੁਰਮੀਤ ਸਿੰਘ (ਮਾਰਖਮ, ਕੈਨੇਡਾ)

| ੧ | ੨ | ੩ | ੪ | ੫ | ੬ | ੭ | ੮ | ੧ | ੨ | ੩ | ੪ | ੫ | ੬ | ੭ | ੮ |
|---|---|---|---|---|---|---|---|---|---|---|---|---|---|---|---|
| ਧਿੰ | Sਤਾ | Sਕ | ਕੱ | ਤਾ | ਧਿੰਧਿੰ | ਨਾਧਿੰ | ਧਿੰਨਾ | ਧਿੰ | Sਤਾ | Sਕ | ਕੱ | ਤਾ | ਧਿੰਧਿੰ | ਨਾਧਿੰ | ਧਿੰਨਾ |
| x | | | 0 | | 2 | | | x | | | 0 | | 2 | | |
| **ਅਸਥਾਈ** | | | | | | | | | | | | | | | |
| ਰੁਮ | -ਪ | -ਧ | ਮ | ਗ | ਮ | – | – | ਗੁਰ | -ਪ | -ਪ | ਗ | ਰ | ਗੁਸ | ਰਨੁ | ਸ |
| ਸੋS | Sਈ | Sਸਿ | ਆ | S | ਣਾ | S | S | ਸੋS | Sਪ | Sਤਿ | ਵੰ | S | ਤਾS | SS | S |
| ਸ | -ਸ | -ਰ | ਨ | ਧ | ਮੁਪ | ਨੁਸ | ਨ | ਸ | -ਰ | ਪ | ਗ | ਰ | ਗੁਸ | ਰਨੁ | ਸ |
| ਹੁਕ | Sਮੁ | SS | ਲੰ | ਗੈ | ਜਿS | SS | ਸੁ | ਮੀ | Sਠਾ | S | ਜੀ | S | ਉS | SS | S |
| ਰੁਮ | -ਪ | - | ਨ | ਨ | ਸਂ | ਸਂ | ਸਂ | ਨ | ਧਮ | ਪਧ | ਮ | ਗ | ਮ | – | – |
| ਸੋ | Sਈ | S | ਕ | ਰ | ਣਾ | S | S | ਜੋ | ਆ | ਪ,ਕ | ਰਾ | S | ਏ | S | S |
| ਸੁਂਨ | -ਧ | -ਪ | ਧ | ਮ | ਗ | ਰ | ਪ | ਗੁਰ | -ਗ | ਸ | ਰ | ਨ | ਸ | – | – |
| ਜਿS | Sਥੈ | SS | ਰ | S | ਖੈ | S | S | ਸੁS | Sਭ | ਲੀ | ਜਾ | S | ਏ | S | S |
| **ਅੰਤਰਾ** | | | | | | | | | | | | | | | |
| ਮ | -ਪ | -ਪ | ਨ | – | ਸਂ | – | – | ਗੁਂਰਂ | -ਗੁਂ | ਸਂ | ਰਂ | ਨਂ | ਸਂ | – | – |
| ਸ | Sਭ | Sਪ | ਰੋ | S | ਈ | S | S | ਇS | Sਕ | ਤ | ਧਾ | S | ਗੈ | S | S |
| ਪੁਂਰਂ | ਰਂ | ਰਂ | ਸੁਂਨ | ਸਂ | ਨ | ਧ | ਪ | ਨੁਧ | -ਮ | -ਪ | ਨ | – | ਸਂ | – | – |
| ਜਿਸ | ਲਾ | ਇ | ਲS | S | ਏ | S | S | ਸੋS | Sਚ | ਰਣੀ | ਲਾ | S | ਗੈ | S | S |
| ਰ | -ਮ | -ਪ | ਨ | ਨ | ਸਂ | – | ਸਂ | ਨ | ਧਮ | ਪਧ | ਮ | ਗ | ਮ | – | – |
| ਊਂ | Sਧ | Sਕ | ਮ | ਲ | ਜਿ | S | ਸ | ਹੋ | Sਇ | Sਪ੍ | ਗਾ | S | ਸਾ | S | S |
| ਸੁਂਨ | ਨੁਧ | ਧਪ | ਧ | ਮ | ਗ | ਰ | ਪ | ਗੁਰ | Sਗੁ | ਸ | ਰ | ਨ | ਸ | – | – |
| ਤ੍ਰਿਨਿ | ਸੁਰ | ਬ,ਨਿ | ਰੰ | S | ਜ | S | ਨ | ਡੀS | Sਠਾ | S | ਜੀ | S | ਉ | S | S |

ਦਾਸ ਨੇ, ਇਕ ਨਵੀਨ ਤਾਲ ਦੀ ਰਚਨਾ ਕੀਤੀ ਹੈ। ਇਹ ਅੱਠ ਮਾਤਰਾ ਦਾ ਤਾਲ ਹੈ ਅਤੇ ਇਸ ਦੇ ਤਿੰਨ ਵਿਭਾਗ ਹਨ। ਪਹਿਲਾਂ ਤਿੰਨ ਮਾਤਰਾ, ਦੂਜਾ ਦੋ ਮਾਤਰਾ ਅਤੇ ਤੀਜਾ ਤਿੰਨ ਮਾਤਰਾ ਦਾ ਵਿਭਾਗ ਹੈ। ਪਹਿਲੀ ਮਾਤਰਾ ਉੱਤੇ ਸਮ, ਚੌਥੀ ਮਾਤਰਾ ਉੱਤੇ ਖਾਲੀ ਅਤੇ ਛੇਵੀਂ ਮਾਤਰਾ ਉੱਤੇ ਦੂਜੀ ਤਾਲੀ ਹੈ। ਇਸ ਦੀ ਰਚਨਾ, ਰੂਪਕ-ਝੱਪਤਾਲ ਦੇ ਸੁਮੇਲ ਤੋਂ ਹੋਈ ਹੈ, ਪਰ ਇਸ ਦੇ ਬੋਲ ਵੱਖਰੇ ਹਨ! ਇਸ ਦੀ ਚਾਲ, ਬਣਤਰ ਨੂੰ ਧਿਆਨ ਵਿੱਚ ਰੱਖਦੇ ਹੋਏ, ਇਸਦਾ ਨਾਮ, ਅਸ਼ਟਮ ਸਵਾਰੀ ਤਾਲ ਰੱਖਿਆ ਹੈ! ਇਸ ਤਾਲ ਵਿੱਚ, ਰਾਗ ਮਾਝ ਦੀ, ਇੱਕ ਬੰਦਿਸ਼ ਤਿਆਰ ਕਰਨ ਦਾ, ਨਿਮਾਣਾ ਜਿਹਾ ਯਤਨ ਕੀਤਾ ਹੈ!

ਪਿਛਲੇ ਅੰਕ (ਅਗਸਤ ੨੦੨੬) ਬਾਰੇ:

ਇਹ ਅੰਮ੍ਰਿਤ ਕੀਰਤਨ ਦਾ, ਬਹੁਤ ਹੀ ਵਧੀਆ ਅੰਕ ਹੈ ਜਿਸ ਵਿੱਚ ਗੁਰਮਤਿ ਸੰਗੀਤ ਦੇ ਵਿਕਾਸ, ਪ੍ਰਚਾਰ ਦੀ ਗਾਥਾ ਹੈ, ਉਸਤਾਦ ਉੱਤਮ ਸਿੰਘ ਪਤੰਗ ਅਤੇ ਉਨ੍ਹਾਂ ਦੇ ਸਪੁੱਤਰਾਂ ਦੇ ਦੁਆਰਾ ਕੀਤੇ ਸਾਰਥਕ ਉਪਰਾਲਿਆਂ ਦਾ ਵਰਨਣ, ਸ਼ਲਾਘਾਯੋਗ ਹੈ! ਵਾਹਿਗੁਰੂ ਇਸ ਪਰਿਵਾਰ ਨੂੰ ਚੜ੍ਹਦੀ ਕਲਾ ਬਖਸ਼ੇ! ਪ੍ਰਿੰਸੀਪਲ ਦਿਆਲ ਸਿੰਘ ਜੀ ਦੀ ਰਾਗ ਸੂਰ ਮਲ੍ਹਾਰ ਦੀ ਬੰਦਿਸ਼ ਅਤੇ ਡਾਕਟਰ ਗੁਰਨਾਮ ਸਿੰਘ ਦਾ ਲੇਖ, ਰਾਗ ਦੇਵਗੰਧਾਰ ਅਤੇ ਦੇਵਗੰਧਾਰੀ ਬਾਰੇ, ਬਹੁਮੁੱਲੀ ਜਾਣਕਾਰੀ ਪ੍ਰਦਾਨ ਕਰਦਾ ਹੈ! ਉਨ੍ਹਾਂ ਨੂੰ ਮਿਲਣ ਵਾਲੇ ਸਨਮਾਨ, ਉਨ੍ਹਾਂ ਦੇ ਕਮਾਏ ਹੋਏ ਨੇ! ਮੇਰੇ ਵਲੋਂ ਬਹੁਤ ਬਹੁਤ ਮੁਬਾਰਕਾਂ!

ਦਾਸ: ਪ੍ਰੋ. ਗੁਰਮੀਤ ਸਿੰਘ 'ਮੀਤ' ਮਾਰਖਮ ਸਿਟੀ (ਟੋਰੰਟੋ) ਕੈਨੇਡਾ

**e-mail: gsmeet57@gmail.com**

# ਰਾਗ ਆਸਾ

ਹਰਦੀਪ ਕੌਰ
ਮੋ. 8195867779

**ਆਰੋਹ:** ਸ ਰ ਮ ਪ ਧ ਸਂ
**ਅਵਰੋਹ:** ਸਂ ਨ ਧ ਪ ਮ, ਗ ਰ ਸ
**ਮੁਖ ਅੰਗ:** ਰ ਮ ਪ, ਧ ਸਂ, ਨ ਧ ਪ ਮ, ਗ ਰ ਗ ਸ
**ਵਾਦੀ:** ਮ **ਸੰਵਾਦੀ:** ਸ

ਸਭ ਸੁਖ ਦਾਤਾ ਰਾਮੁ ਹੈ ਦੂਸਰ ਨਾਹਿਨ ਕੋਇ ॥
ਕਹੁ ਨਾਨਕ ਸੁਨਿ ਰੇ ਮਨਾ ਤਿਹ ਸਿਮਰਤ ਗਤਿ ਹੋਇ ॥੯॥
ਜਿਹ ਸਿਮਰਤ ਗਤਿ ਪਾਈਐ ਤਿਹ ਭਜੁ ਰੇ ਤੈ ਮੀਤ ॥
ਕਹੁ ਨਾਨਕ ਸੁਨੁ ਰੇ ਮਨਾ ਅਉਧ ਘਟਤ ਹੈ ਨੀਤ ॥੧੦॥
ਪਾਂਚ ਤਤ ਕੋ ਤਨੁ ਰਚਿਓ ਜਾਨਹੁ ਚਤੁਰ ਸੁਜਾਨ ॥
ਜਿਹ ਤੇ ਉਪਜਿਓ ਨਾਨਕਾ ਲੀਨ ਤਾਹਿ ਮੈ ਮਾਨੁ ॥੧੧॥
ਘਟ ਘਟ ਮੈ ਹਰਿ ਜੂ ਬਸੈ ਸੰਤਨ ਕਹਿਓ ਪੁਕਾਰਿ ॥
ਕਹੁ ਨਾਨਕ ਤਿਹ ਭਜੁ ਮਨਾ ਭਉ ਨਿਧਿ ਉਤਰਹਿ ਪਾਰਿ ॥੧੨॥
**(ਸਲੋਕ ਮ: ੯)**

The Lord is the Giver of all peace and comfort. There is no other at all. Says Nanak, listen, mind: meditating in remembrance on Him, salvation is attained.
Remembering Him in meditation, salvation is attained, vibrate and meditate on Him, Says Nanak, listen, mind your life is passing away! O my friend; Your body is made up of the five elements; you are clever and wise know this well; Believe it - you shall merge once again into the One, O Nanak, from whom you originated
The Dear Lord abides in each and every heart, the Saints proclaim this as true; Says Nanak, meditate and vibrate upon Him, and you shall cross over the terrifying world ocean

## ਰਾਗ ਆਸਾ – ਤਾਲ ਰੂਪਕ

| 0 | | | ੨ | | ੩ | | 0 | | | ੨ | | ੩ | |
|---|---|---|---|---|---|---|---|---|---|---|---|---|---|
| ੧ | ੨ | ੩ | ੪ | ੫ | ੬ | ੭ | ੧ | ੨ | ੩ | ੪ | ੫ | ੬ | ੭ |
| ਮ | ਮ | ਮ | ਮ | – | ਮ | – | ਪ | ਪ | ਮ | ਗ | ਰ | ਸ | – |
| ਸਭ | ਸੁ | ਖ | ਦਾ | S | ਤਾ | S | ਰਾ | S | ਮੁ | ਹੈ | S | S | S |
| ਰ | ਰ | ਮ | ਮ | ਪ | ਧ | ਮ | ਮ | ਮ | ਮ | ਮ | – | ਮ | – |
| ਦੂ | ਸ | ਰ | ਨਾ | S | ਹਿ | ਨ | ਕੋ | S | S | ਇ | S | S | S |
| ਸਂ | ਸਂ | ਸਂ | ਰਂ | ਰਂ | ਸਂ | ਨ | ਧ | ਪ | ਮ | ਮ | – | ਮ | – |
| ਕਹੁ | ਨਾ | S | ਨ | ਕ | ਸੁ | ਨਿ | ਰੇ | S | ਮ | ਨਾ | S | S | S |
| ਸ | ਰ | ਮ | ਮ | ਪ | ਪ | – | ਮ | ਮ | ਮ | ਮ | – | ਮ | – |
| ਤਿਹ | ਸਿ | ਮ | ਰ | ਤ | ਗ | ਤਿ | ਹੋ | S | S | ਇ | S | S | S |

## ਸਲੋਕ ਮ: ੯ – ਭਾਗ ਤੀਜਾ

ਸੁਰਲਿਪੀ: ਬੀਬੀ ਹਰਦੀਪ ਕੌਰ
ਕਰਤਾ: ਨਮੋ ਗੀਤ ਗੀਤੇ

# ਸ਼ਰਧਾਂਜਲੀ




ਸ਼੍ਰੋਮਣੀ ਰਾਗੀ ਭਾਈ ਸਾਹਿਬ ਭਾਈ ਉੱਤਮ ਸਿੰਘ ਜੀ ਪਤੰਗ
ਹਜ਼ੂਰੀ ਰਾਗੀ ਗੁਰਦੁਆਰਾ ਫ਼ਤਹਿਗੜ੍ਹ ਸਾਹਿਬ ਸਰਹਿੰਦ
ਬਰਸੀ - ੨੧ ਸਤੰਬਰ

THE ALP GROUP


# EXPANDING CAPABILITIES

EPDM/PVC/TPE/TPR/ EXTRUDED PROFILES, MOULDED PARTS & WEATHER STRIPS




## PIONEERING ENGINEERING SOLUTIONS IN RUBBER & PLASTIC
















THE ALP GROUP


**Corporate Office:**
Plot No.: 32, Sector-18, HUDA, Gurgaon-122015 Haryana. India
Tel.: +91-124-4731500, 600 | web: www.alpgroupup.in
E-mail: alp@anbros.com